

ਰਾਸ਼ਟਰ ਪਿਤਾ ਮਹਾਤਮਾ ਗਾਂਧੀ ਜੀ ਦੇ ਕਥਨ ਅਨੁਸਾਰ "ਇੱਕ ਦੋਸ਼ੀ ਵਿਅਕਤੀ ਜਿਸ ਨੇ ਦੂਜਿਆਂ ਦੀ ਭਲਾਈ ਦੇ ਲਈ ਅਤੇ ਆਪਣੇ ਦੁਸ਼ਮਣਾਂ ਦੇ ਲਈ ਵੀ ਆਪਣੇ ਜੀਵਨ ਦੀ ਕੁਰਬਾਨੀ ਦਿੱਤੀ, ਉਹ ਦੁਨੀਆ ਦਾ ਮੁਕਤੀਦਾਤਾ ਪਾਇਆ ਗਿਆ। ਇਹ ਇੱਕ ਪੂਰਨ ਉਪਲਬਧੀ ਸੀ। ਹਰ ਦਿਲ ਵਿੱਚ ਮਸੀਹ ਦਾ ਜਨਮ ਹੋਣਾ ਚਾਹੀਦਾ ਹੈ। ਉਸ ਦਾ ਜੀਵਨ ਇਸ ਤਰ੍ਹਾਂ ਦਾ ਸੀ।

– ਰਾਸ਼ਟਰ ਪਿਤਾ ਮਹਾਤਮਾ ਗਾਂਧੀ

*Source:*

*1) Gandhi, Christ and Christianity, P. No. 1, Author : Pascal Alan Nazareth*

*2) My encounter with truth, P. No. 88, Author : Mahatma Gandhi*

"ਸਵਾਮੀ ਵਿਵੇਕਾਨੰਦ ਜੀ ਦੇ ਅਨੁਸਾਰ, "ਨਾਸਰਤ ਦੇ ਯਿਸੂ ਦੀ ਪੂਜਾ ਕਰਨੀ ਹੈ, ਮੇਰੇ ਕੋਲ ਸਿਰਫ ਇੱਕ ਹੀ ਰਸਤਾ ਬਚਿਆ ਹੈ, ਉਹ ਰਾਹ ਹੈ ਕਿ ਉਨ੍ਹਾਂ ਨੂੰ ਭਗਵਾਨ ਦੇ ਰੂਪ ਵਿੱਚ ਪੂਜਿਆ ਕਰੀਏ ਅਤੇ ਹੋਰ ਕੁਝ ਨਹੀਂ।" "ਜੇਕਰ ਮੈਂ ਨਾਸਰਤ ਦੇ ਯਿਸੂ ਦੇ ਦਿਨਾਂ ਵਿੱਚ ਫਲਿਸਤੀਨ ਵਿੱਚ ਰਹਿੰਦਾ ਹੁੰਦਾ, ਤਾਂ ਮੈਂ ਆਪਣੇ ਹੰਝੂਆਂ ਨਾਲ ਨਹੀਂ, ਬਲਕਿ ਆਪਣੇ ਦਿਲ ਦੇ ਖੂਨ ਨਾਲ ਉਸ ਦੇ ਪੈਰ ਧੋਂਦਾ।"

– ਵਿਸ਼ਵ ਮਾਨਵ ਸਵਾਮੀ ਵਿਵੇਕਾਨੰਦ



*Source:*

*1) The Complete works of Swamy Vivekananda, Vol-4, P. No. 143, Author : Swamy Vivekananda*

*2) Tha Master as I Saw Him, P. No. 233, Author : Sister Nivedita*



"ਜਦੋਂ ਯਿਸੂ ਜੀ ਸਲੀਬ ਉੱਤੇ ਸਨ ਤਾਂ ਉਨ੍ਹਾਂ ਨੇ ਖੁਦ ਨੂੰ ਨਹੀਂ ਬਚਾਇਆ, ਕਿਉਂਕਿ ਉਹ ਦੁਨੀਆ ਨੂੰ ਬਚਾਉਣ ਦੇ ਲਈ ਪੈਦਾ ਹੋਏ ਸਨ ਨਾ ਕਿ ਖੁਦ ਨੂੰ ਬਚਾਉਣ ਦੇ ਲਈ।" ਜਿੱਥੋਂ ਤੱਕ ਮੇਰੀ ਜਾਣਕਾਰੀ ਹੈ, ਸਿਰਫ ਇੱਕ ਹੀ ਯੋਗ ਵਿਅਕਤੀ ਹੈ ਜਿਸ ਨੂੰ "ਗੁਰੂ" ਕਿਹਾ ਜਾ ਸਕਦਾ ਹੈ ਅਤੇ ਉਹ ਹੈ ਨਾਸਰਤ ਦਾ ਯਿਸੂ ਹੋਰ ਕੋਈ ਨਹੀਂ।"

– ਮਾਜੀ ਰਾਸ਼ਟਰਪਤੀ ਡਾ. ਸਰਵਪੱਲੀ ਰਾਧਾਕ੍ਰਿਸ਼ਨਨ

*Source:*

*1) A Series of Vasan's life history, P. No. 15, Author : G. T. Ashwathnarayan*

*2) To the Unknown God, Chapter 20, P. No. 161, Author : Vicki Harley Holland*

ਇੱਕ ਮਹਾਨ ਸਮਰਾਟ ਨੇਪੋਲੀਅਨ ਬੋਨਾਪਾਰਟੇ ਦੇ ਕਥਨ ਅਨੁਸਾਰ "ਇਸ ਦੁਨੀਆ ਦੀਆਂ ਦੋ ਸ਼ਕਤੀਆਂ 'ਤਲਵਾਰ' ਅਤੇ 'ਪਿਆਰ' ਹੈ। ਪਿਆਰ ਹਮੇਸ਼ਾ ਤਲਵਾਰ ਨੂੰ ਹਰਾਉਂਦਾ ਹੈ। ਉਦਾਹਰਣ ਦੇ ਲਈ, ਸਿਕੰਦਰ, ਸੀਜਰ ਅਤੇ ਸ਼ਾਰਲੇਮੇਨ ਨੇ ਆਪਣੀ ਤਲਵਾਰਾਂ ਦੀ ਸ਼ਕਤੀਸ਼ਾਲੀ ਸ਼ਕਤੀ ਨਾਲ ਰਾਜਾਂ ਦੀ ਸਥਾਪਨਾ ਕੀਤੀ। ਪਰ ਅੱਜ ਉਹ ਨਹੀਂ ਰਹੇ। ਹਾਲਾਂਕਿ, ਸਿਰਫ ਯਿਸੂ ਮਸੀਹ ਨੇ ਹੀ ਪਿਆਰ ਦੀ ਨੀਂਹ ਉੱਤੇ ਆਪਣਾ ਰਾਜ ਸਥਾਪਤ ਕੀਤਾ ਅਤੇ ਉਸ ਦੇ ਲਈ ਅੱਜ ਵੀ ਲੱਖਾਂ ਲੋਕ ਆਪਣੇ ਜੀਵਨ ਦੀ ਕੁਰਬਾਨੀ ਦੇਣ ਦੇ ਲਈ ਤਿਆਰ ਹਨ।"



– ਮਹਾਨ ਸਮਰਾਟ ਨੇਪੋਲੀਅਨ ਬੋਨਾਪਾਰਟੇ

*Source:*

*The message of Upanishad, P. No. 529, Author : Shri Swami Ranganathnanda*

**Grace Bretheren Assembly**
Paper Town, Bhadravathi – 577 302,
Shivamogga Dist. Karnataka State, India.

# ਸੱਤਿਆਮੇਵ ਜਯਤੇ

(Punjabi)

## *TRUTH ALONE TRIUMPHS*



*S. Giri*

First print: May 2023

# SATHYAMEVA JAYATE

**(PUNJABI)**

**TRUTH ALONE TRIUMPHS**

**The book is also available in other languages**

**An offering – Rs.25/-**
(For private circulation only)

***S.* Giri,** D C Sc & E, S A S
**SATHYAMEVA JAYATHE**
Post Box No:87, Shivamogga - 577201
Karnataka State, INDIA
E-Mail : satyamevjayate.life@gmail.com
Web site : satyamevjayate.life
Mob : 9845417088

**Publisher:**
Brother. V. Gideon, God's Servant
EL Bethel Prayer House,
Village Bhindi Saidan,
Teh. Ajnala, Distt. Amritsar, Punjab
Mob: 9592725099, 9464509233



Most. Rev. Dr. Francis Serrao SJ
Bishop of Shimoga

Bishop's House,
Malligenahalli, Sagar Road
Shivamogga - 577205, Karnataka
Cell:+91 9448355813
email:bpfrancisserraosj@gmail.com

## ਵਧਾਈ ਅਤੇ ਬਰਕਤ ਦੇ ਦੋ ਸ਼ਬਦ

ਪ੍ਰਭੂ ਯਿਸੂ ਮਸੀਹ ਦੇ ਭਗਤ ਐਸ. ਗਿਰੀ ਨੇ ਪ੍ਰਭੂ ਯਿਸੂ ਮਸੀਹ ਨੂੰ ਆਪਣਾ ਨਿੱਜੀ ਮੁਕਤੀਦਾਤਾ ਕਬੂਲ ਕਰ ਲਿਆ ਹੈ। 'ਸੱਤਿਆਮੇਵ ਜਯਤੇ' ਐਸ. ਗਿਰੀ ਦੁਆਰਾ ਲਿਖੀ ਗਈ ਇੱਕ ਛੋਟੀ ਜਿਹੀ ਪੁਸਤਕ ਹੈ ਜੋ ਮਸੀਹ ਦੇ ਨਾਲ ਜਾਣ-ਪਛਾਣ ਕਰਵਾਉਂਦੀ ਹੈ। ਇਸ ਦਾ ਪਹਿਲਾਂ ਹੀ 15 ਭਾਰਤੀ ਭਾਸ਼ਾਵਾਂ ਵਿੱਚ ਅਨੁਵਾਦ ਹੋ ਚੁੱਕਾ ਹੈ ਅਤੇ ਪੂਰੇ ਭਾਰਤ ਵਿੱਚ ਸੈਂਕੜੇ ਲੋਕਾਂ ਤੱਕ ਪਹੁੰਚ ਚੁੱਕੀ ਹੈ।

ਇਸ ਪੁਸਤਕ ਵਿੱਚ ਲਗਭਗ 20 ਅਧਿਆਇ ਹਨ ਅਤੇ ਇਨ੍ਹਾਂ 20 ਅਧਿਆਵਾਂ ਵਿੱਚ ਭਾਰਤੀ ਗ੍ਰੰਥਾਂ ਅਤੇ ਪਰੰਪਰਾਵਾਂ ਵਿੱਚ ਮਸੀਹ ਦੇ ਸੰਦੇਸ਼ਾਂ ਦੇ ਬਾਰੇ ਵਿੱਚ ਰੌਸ਼ਨੀ ਪਾਉਂਦੀ ਹੈ। ਇਨ੍ਹਾਂ ਪੰਨਿਆਂ ਰਾਹੀਂ ਅਸੀਂ ਪਵਿੱਤਰ ਕੁਰਾਨ ਵਿੱਚ ਮਾਤਾ ਮਰਿਯਮ ਅਤੇ ਯਿਸੂ ਦਾ ਜ਼ਿਕਰ ਹੁੰਦਾ ਵੇਖ ਸਕਦੇ ਹਾਂ। ਲੇਖਕ ਦੀ ਕਲਪਨਾ ਹੈ ਕਿ ਇਸ ਛੋਟੀ ਪੁਸਤਕ ਦੇ ਪਾਠਕਾਂ ਨੂੰ ਮਹਾਤਮਾ ਗਾਂਧੀ ਅਤੇ ਮਦਰ ਟੈਰੇਸਾ ਵਾਂਗ ਮਸੀਹ ਦੇ ਰਾਹ ਉੱਤੇ ਚੱਲਣ ਲਈ ਪ੍ਰੇਰਿਤ ਕੀਤਾ ਜਾ ਸਕਦਾ ਹੈ।

ਹਨੇਰੇ ਤੋਂ ਚਾਨਣ ਵੱਲ ਹਰ ਕਿਸੇ ਨੇ ਤੁਰਨਾ ਹੈ। ਮਸੀਹ ਸਵਰਗ ਅਤੇ ਧਰਤੀ ਦਾ ਚਾਨਣ ਹੈ ਜੋ ਸਾਡੇ ਜੀਵਨਾਂ ਨੂੰ ਹਨੇਰੇ ਤੋਂ ਬਚਾ ਸਕਦਾ ਹੈ। ਧੰਨ ਹਨ ਉਹ ਜਿਹੜੇ ਉਸ ਉੱਤੇ ਵਿਸ਼ਵਾਸ ਕਰਦੇ ਹਨ। ਹਨੇਰੇ ਵਿੱਚ ਗੁਆਚੇ ਲੋਕਾਂ ਦੀ ਅਗਵਾਈ ਕਰਨਾ ਸਾਡਾ ਫਰਜ਼ ਹੈ। ਲਗਭਗ ਦੋ ਹਜ਼ਾਰ ਸਾਲ ਪਹਿਲਾਂ ਪੈਦਾ ਹੋਇਆ ਮਸੀਹ ਲੱਖਾਂ ਲੋਕਾਂ ਲਈ ਆਸ ਦਾ ਪ੍ਰਤੀਕ ਬਣ ਗਿਆ।

ਪਵਿੱਤਰ ਬਾਈਬਲ ਵਿੱਚ ਅਸੀਂ ਪੜ੍ਹਦੇ ਹਾਂ ਕਿ ਯਿਸੂ ਨੇ ਕਿਹਾ "ਪ੍ਰਭੂ ਯਹੋਵਾਹ ਦਾ ਆਤਮਾ ਮੇਰੇ ਉੱਤੇ ਹੈ, ਏਸ ਲਈ ਜੋ ਯਹੋਵਾਹ ਨੇ ਮੈਨੂੰ ਮਸਹ ਕੀਤਾ ਹੈ, ਭਈ ਗਰੀਬਾਂ ਨੂੰ ਖੁਸ਼ ਖਬਰੀ ਸੁਣਾਵਾਂ, ਓਸ ਮੈਨੂੰ ਘੱਲਿਆ ਹੈ, ਭਈ ਮੈਂ ਟੁੱਟੇ ਦਿਲ ਵਾਲਿਆਂ ਦੇ ਪੱਟੀ ਬੰਨ੍ਹਾਂ, ਅਤੇ ਬੰਧੂਆਂ ਨੂੰ ਛੁੱਟਣ ਦਾ ਅਤੇ ਅਸੀਰਾਂ ਨੂੰ ਖੁਲ੍ਹਣ ਦਾ ਪਰਚਾਰ ਕਰਾਂ।"

ਪਰਮੇਸ਼ੁਰ ਦਾ ਰਾਜ ਸੱਚਾਈ, ਨਿਆਉਂ ਅਤੇ ਉਹ ਹੈ ਜੋ ਇਨਸਾਨਾਂ ਨਾਲ ਇੱਜ਼ਤ ਨਾਲ ਪੇਸ਼ ਆਉਂਦਾ ਹੈ। ਮਸੀਹ ਨੇ ਸਾਨੂੰ ਇਸ ਰਾਹ ਉੱਤੇ ਆਪਣੇ ਜੀਵਨ ਦੀ ਅਗਵਾਈ ਕਰਨ ਲਈ ਬੁਲਾਇਆ ਹੈ। ਇਹ ਪੁਸਤਕ ਇਸ ਮਹਾਨ ਸੰਦੇਸ਼ ਨੂੰ ਕਾਇਮ ਰੱਖਦੀ ਹੈ।

ਪ੍ਰਭੂ ਯਿਸੂ ਮਸੀਹ ਦੇ ਭਗਤ ਐਸ. ਗਿਰੀ ਦੇ ਜੀਵਨ ਅਤੇ ਉਸ ਦੇ ਬਹੁਮੁੱਲੇ ਯੋਗਦਾਨ ਦੇ ਲਈ ਪਰਮੇਸ਼ੁਰ ਨੂੰ ਬਹੁਤ ਧੰਨਵਾਦ ਦਿੰਦੇ ਹਾਂ। ਇਸ ਪੁਸਤਕ ਦੇ ਲੇਖਕ ਨੂੰ ਆਸ ਹੈ ਕਿ ਇਹ ਪੁਸਤਕ ਮਸੀਹ ਨੂੰ ਹੋਰ ਬਹੁਤ ਸਾਰੇ ਲੋਕਾਂ ਨਾਲ ਜਾਣੂ ਕਰਵਾਏਗੀ ਅਤੇ ਉਹ ਸਾਰੇ ਜੋ ਪ੍ਰਾਰਥਨਾ ਨਾਲ ਇਨ੍ਹਾਂ ਪੰਨਿਆਂ ਨੂੰ ਪੜ੍ਹਦੇ ਹਨ, ਉਹ ਉਸ ਦੇ ਨਾਮ ਵਿੱਚ ਬਰਕਤ ਪਾ ਸਕਦੇ ਹਨ।

Yours in Christ Jesus

Most. Rev. Dr. Francis Serrao SJ
Bishop of Shimoga

## ਮੁੱਖਬੰਦ

ਸੱਚਾਈ ਦੇ ਖੋਜੀ ਸ਼੍ਰੀ ਐਸ. ਗਿਰੀ ਨੇ ਵੱਖ-ਵੱਖ ਗ੍ਰੰਥਾਂ, ਪੁਸਤਕਾਂ, ਮਹਾਨ ਆਗੂਆਂ ਦੁਆਰਾ ਦਿੱਤੇ ਬਿਆਨਾਂ ਦਾ ਅਧਿਐਨ ਕੀਤਾ, ਖੋਜ ਕੀਤੀ ਅਤੇ ਪ੍ਰਭੂ ਯਿਸੂ ਮਸੀਹ ਦੇ ਜੀਵਨ ਅਤੇ ਸੇਵਕਾਈ ਦਾ ਅਧਿਐਨ ਕੀਤਾ ਅਤੇ ਫਿਰ ਰੱਬੀ ਸੱਚਾਈਆਂ ਨੂੰ ਸਮਝਾਉਣ ਲਈ ਇਹ ਪੁਸਤਕ "ਸੱਤਿਆਮੇਵ ਜਯਤੇ" ਲਿਖੀ। ਇਹ ਪੁਸਤਕ ਇੰਨੇ ਸਰਲ ਢੰਗ ਨਾਲ ਲਿਖੀ ਗਈ ਹੈ ਕਿ ਇਸ ਨੂੰ ਇੱਕ ਆਮ ਆਦਮੀ ਵੀ ਅਸਾਨੀ ਨਾਲ ਸਮਝ ਸਕਦਾ ਹੈ। ਇਹ ਪੁਸਤਕ ਨਿਸ਼ਚਿਤ ਤੌਰ ਤੇ ਸੱਚਾਈ ਦੀ ਖੋਜ ਕਰਨ ਵਾਲੇ ਨੂੰ ਸੱਚਾਈ ਦੀ ਖੋਜ ਕਰਨ ਵਿੱਚ ਮਦਦ ਕਰੇਗੀ। ਮਨੁੱਖ ਦੇ ਹਮੇਸ਼ਾ ਤੋਂ ਪੁੱਛੇ ਜਾਣ ਵਾਲੇ ਪ੍ਰਸ਼ਨਾਂ ਨੂੰ ਜਿਵੇਂ ਕਿ: ਮੈਂ ਕੌਣ ਹਾਂ? ਮੈਂ ਇੱਥੇ ਧਰਤੀ ਉੱਤੇ ਕਿਉਂ ਆਇਆ ਹਾਂ? ਮੈਂ ਕਿੱਥੇ ਜਾ ਰਿਹਾ ਹਾਂ? ਜੀਵਨ ਦਾ ਉਦੇਸ਼ ਕੀ ਹੈ? ਇਸ ਪੁਸਤਕ ਵਿੱਚ ਸੰਬੋਧਿਤ ਕੀਤਾ ਗਿਆ ਹੈ। ਮੌਤ ਤੋਂ ਬਾਅਦ ਦਾ ਜੀਵਨ ਕੁਝ ਵੀ ਨਹੀਂ ਹੈ ਪਰ ਸਦੀਪਕ ਕਾਲ ਦੀ ਸ਼ੁਰੂਆਤ ਹੈ ਅਤੇ ਭਵਿੱਖ ਦਾ ਸਾਹਮਣਾ ਕਰਨ ਲਈ ਕਿਸ ਤਰ੍ਹਾਂ ਤਿਆਰ ਹੋਣਾ ਚਾਹੀਦਾ ਹੈ, ਇਸ ਪੁਸਤਕ ਵਿੱਚ ਦੱਸਿਆ ਗਿਆ ਹੈ। ਬਹੁਤ ਸਾਰੇ ਲੋਕ ਜੀਵਨ ਬਾਰੇ ਉਲਝਣ ਵਿੱਚ ਹਨ। ਉਹ ਬੇਚੈਨ ਹਨ, ਸ਼ਾਂਤੀ ਅਤੇ ਖੁਸ਼ੀ ਦੀ ਭਾਲ ਵਿੱਚ ਲਗਾਤਾਰ ਦੋਸ਼ ਤੋਂ ਪੀੜਤ ਹਨ। ਇਸ ਸੰਬੰਧ ਵਿੱਚ ਕਈ ਗੁਰੂਆਂ ਵੱਲੋਂ ਵੱਖੋ-ਵੱਖਰੇ ਵਿਚਾਰ ਪ੍ਰਸਾਰਿਤ



ਕੀਤੇ ਗਏ ਹਨ ਪਰ ਅਧਿਕਾਰਤ ਅਤੇ ਸਵੀਕਾਰਯੋਗ ਕੀ ਹੈ, ਇਹ ਫਿਰ ਵਿਵਾਦ ਦਾ ਵਿਸ਼ਾ ਹੈ। ਸਾਡਾ ਜੀਵਨ ਬਹੁਮੁੱਲਾ ਹੈ ਪਰ ਇਹ ਜਲਦੀ ਹੀ ਬੀਤ ਜਾਵੇਗਾ। ਧਰਤੀ ਉੱਤੇ ਲਏ ਗਏ ਫ਼ੈਸਲੇ ਦਾ ਸਾਡੇ ਸਦੀਪਕ ਜੀਵਨ ਉੱਤੇ ਅਸਰ ਪਵੇਗਾ। ਇਸ ਗੰਭੀਰਤਾ ਨੂੰ ਧਿਆਨ ਵਿੱਚ ਰੱਖਦੇ ਹੋਏ, ਸ਼੍ਰੀ ਐਸ. ਗਿਰੀ ਨੇ ਮਨੁੱਖ ਦੀ ਆਖਰੀ ਮੰਜ਼ਿਲ ਅਰਥਾਤ ਸਵਰਗ ਅਤੇ ਨਰਕ ਅਤੇ ਸਵਰਗ ਵਿੱਚ ਜਾਣ ਦੇ ਤਰੀਕੇ ਬਾਰੇ ਬਹੁਤ ਸਾਰੇ ਤੱਥ ਸਾਹਮਣੇ ਲਿਆਂਦੇ ਹਨ। ਇੱਕ ਸਪੱਸ਼ਟ ਅਤੇ ਖੁੱਲ੍ਹੇ ਦਿਮਾਗ ਵਾਲਾ ਪਾਠਕ ਸੱਚਾਈ ਨੂੰ ਲੱਭ ਸਕਦਾ ਹੈ ਅਤੇ ਇਸ ਦੀਆਂ ਬਰਕਤਾਂ ਦਾ ਅਨੰਦ ਲੈਂਦਾ ਹੈ।

ਮੂਲ ਰੂਪ ਵਿੱਚ ਇਹ ਪੁਸਤਕ ਕੰਨੜ ਭਾਸ਼ਾ ਵਿੱਚ ਲਿਖੀ ਗਈ ਸੀ। ਜਿਵੇਂ-ਜਿਵੇਂ ਇਸ ਦੀ ਪ੍ਰਸਿੱਧੀ ਵਧੀ, ਅੰਗਰੇਜ਼ੀ ਅਤੇ ਹੋਰ ਪ੍ਰਮੁੱਖ ਭਾਰਤੀ ਭਾਸ਼ਾਵਾਂ ਵਿੱਚ ਵੀ ਇਸ ਦਾ ਅਨੁਵਾਦ ਕੀਤਾ ਗਿਆ। ਅਰਥਾਂ ਨੂੰ ਸੰਖਿਪਤ ਕਰਨ ਲਈ, ਪੁਸਤਕ ਵਿੱਚ ਦਰਸਾਏ ਗਏ ਕੁਝ ਬਚਨਾਂ ਦੇ ਭਾਗਾਂ ਨੂੰ ਸੰਖੇਪ ਰੂਪ ਵਿੱਚ ਪੇਸ਼ ਕੀਤਾ ਗਿਆ ਹੈ। ਯਕੀਨ ਮੰਨੋ ਕਿ ਜਿਵੇਂ-ਜਿਵੇਂ ਤੁਸੀਂ ਇਸ ਪੁਸਤਕ ਨੂੰ ਪੜ੍ਹਦੇ ਅਤੇ ਸਮਝਦੇ ਹੋ ਇਹ ਵੱਡੀਆਂ ਬਰਕਤਾਂ ਵਿੱਚ ਬਦਲ ਜਾਵੇਗੀ।

**ਪ੍ਰਭੂਦਾਸ ਟੀ. ਐਸ., ਰਿਟਾਇਰਡ ਮੈਨੇਜਰ (ਐਚ. ਆਰ. ਡੀ.), ਐਮ. ਪੀ. ਐਮ, ਭਦਰਾਵਤੀ**

---

**ਲੇਖਕ ਵੱਲੋਂ ਕੁਝ ਸ਼ਬਦ:** ਅਸੀਂ ਬਹੁ-ਸਭਿਆਚਾਰਕ, ਬਹੁ-ਭਾਸ਼ਾਈ ਅਤੇ ਬਹੁ-ਜਾਤੀ ਸਮਾਜ ਵਿੱਚ ਰਹਿ ਰਹੇ ਹਾਂ। ਜੀਵਨ ਦੇ ਸਭ ਤੋਂ ਮਹੱਤਵਪੂਰਣ ਸਵਾਲਾਂ ਦੇ ਜਵਾਬ ਵੱਖ-ਵੱਖ ਤਰੀਕਿਆਂ ਨਾਲ ਦਿੱਤੇ ਜਾਂਦੇ ਹਨ, ਕਈ ਵਾਰ ਵਿਵਾਦਪੂਰਨ ਢੰਗ ਨਾਲ। ਸੱਚਾਈ ਲੱਭਣ ਲਈ, ਮੈਂ ਨਿੱਜੀ ਤੌਰ ਤੇ ਵਿਆਪਕ ਅਧਿਐਨ ਕੀਤਾ ਹੈ ਅਤੇ ਜੋ ਸੱਚਾਈ ਮੈਨੂੰ ਮਿਲੀ ਹੈ ਉਸ ਨੂੰ ਮੇਰੇ ਸਾਥੀਆਂ ਦੇ ਲਾਭ ਲਈ ਇੱਕ ਪੁਸਤਕ ਦੇ ਰੂਪ ਵਿੱਚ ਪੇਸ਼ ਕਰ ਦਿੱਤਾ ਗਿਆ ਹੈ ਅਤੇ ਇਸ ਨੂੰ ਭਾਰਤ ਦੇ ਸੰਵਿਧਾਨ ਦੇ ਨਿਯਮਾਂ ਦੇ ਤਹਿਤ ਬਿਨ੍ਹਾਂ ਕਿਸੇ ਭੇਦਭਾਵ ਜਾਂ ਪੱਖਪਾਤ ਦੇ ਤੁਹਾਡੇ ਅਤੇ ਖੁਦ ਦੇ ਲਾਭ ਦੇ ਲਈ ਉਪਲਬਧ ਕਰਵਾਇਆ ਗਿਆ ਹੈ। ਮੇਰੀ ਇੱਕੋ ਪ੍ਰਾਰਥਨਾ ਹੈ ਕਿ ਹਰ ਕੋਈ ਸੱਚਾਈ ਨੂੰ ਲੱਭ ਲਵੇ ਕਿਉਂਕਿ ਸਿਰਫ ਸੱਚਾਈ ਦੀ ਹੀ ਜਿੱਤ ਹੁੰਦੀ ਹੈ। ਇਸ ਲਈ, ਮੈਂ ਇਸ ਪੁਸਤਕ ਦਾ ਸਿਰਲੇਖ "ਸੱਤਿਆਮੇਵ ਜਯਤੇ" ਰੱਖਿਆ ਹੈ। ਮੈਂ ਪਰਮੇਸ਼ੁਰ ਦਾ ਧੰਨਵਾਦ ਕਰਦਾ ਹਾਂ ਕਿ ਉਸ ਨੇ ਮੈਨੂੰ ਇਸ ਪੁਸਤਕ ਨੂੰ ਪ੍ਰਕਾਸ਼ਿਤ ਕਰਨ ਦੀ ਕਿਰਪਾ ਬਖਸ਼ੀ ਹੈ। ਇਸ ਪੁਸਤਕ ਦਾ ਅਨੁਵਾਦ ਬਿਨ੍ਹਾਂ ਇਸ ਵਿੱਚ ਕੁਝ ਜੋੜੇ ਜਾਂ ਮਿਟਾਏ, ਪਹਿਲਾਂ ਤੋਂ ਬਿਨ੍ਹਾਂ ਕਿਸੇ ਇਜਾਜ਼ਤ ਦੇ ਜਿਵੇਂ ਇਹ ਪੁਸਤਕ ਹੈ ਉਸੇ ਤਰ੍ਹਾਂ ਕਿਸੇ ਵੀ ਭਾਸ਼ਾ ਵਿੱਚ ਕੀਤਾ ਜਾ ਸਕਦਾ ਹੈ।

ਤੁਹਾਡਾ ਆਪਣਾ
**ਐਸ. ਗਿਰੀ**

## ਵਿਸ਼ੇ-ਸੂਚੀ


1. ਭਾਰਤੀ ਸਭਿਅਤਾ ........................................................ 6
2. ਮਨੁੱਖੀ ਆਤਮਾ ਲਈ ਕੋਈ ਮੌਤ ਨਹੀਂ ........................................ 8
3. ਸਵਰਗ ਦਾ ਰਾਹ ........................................................ 12
4. ਪਰਮੇਸ਼ੁਰ ਦੀ ਦਯਾ ...................................................... 15
5. ਵੈਦਿਕ ਕਾਲ ਦੇ ਦੌਰਾਨ ਬਲੀਦਾਨ ਦੀ ਵਿਧੀ .................................. 17
6. ਯਿਸੂ ਮਸੀਹ ਦਾ ਜੀ ਉੱਠਣਾ ਅਤੇ ਸਵਰਗ ਉੱਪਰ ਉਠਾਇਆ ਜਾਣਾ ........................................................ 20
7. ਯਿਸੂ ਮਸੀਹ ਦੁਬਾਰਾ ਆਵੇਗਾ ............................................ 22
8. ਕੌਣ ਸਾਨੂੰ ਪਾਪਾਂ ਤੋਂ ਮੁਕਤ ਕਰ ਸਕਦਾ ਹੈ? ................................ 23
9. ਸਾਨੂੰ ਯਿਸੂ ਦੀਆਂ ਗੱਲਾਂ ਤੇ ਵਿਸ਼ਵਾਸ ਕਿਉਂ ਕਰਨਾ ਚਾਹੀਦਾ ਹੈ? .. 24
10. ਪਵਿੱਤਰ ਬਾਈਬਲ ਦਾ ਇਤਿਹਾਸ ........................................ 27
11. ਧਨਵਾਨ ਮਨੁੱਖ ਅਤੇ ਭਿਖਾਰੀ ਲਾਜ਼ਰ ਦਾ ਦ੍ਰਿਸ਼ਟਾਂਤ ............................ 30
12. ਯਿਸੂ ਮਸੀਹ ਕੌਣ ਹੈ? ਤੁਹਾਡਾ ਫ਼ੈਸਲਾ ਕੀ ਹੈ? ................................ 31


### ਦੈਨਿਕ ਅਖ਼ਬਾਰਾਂ ਵਿੱਚ ਪ੍ਰਕਾਸ਼ਿਤ ਲੇਖ


13. ਯਿਸੂ, ਪਵਿੱਤਰ ਪਰਮੇਸ਼ੁਰ ................................................ 32
14. ਯਿਸੂ ਦੇ ਪਹਾੜੀ ਉਪਦੇਸ਼ ਦਾ ਸਾਰ ........................................ 34
15. ਯਿਸੂ ਦੁਆਰਾ ਕੀਤੇ ਗਏ 37 ਮਹੱਤਵਪੂਰਣ ਚਮਤਕਾਰ ............................ 38
16. ਜ਼ਨਾਹ ਕਰਦੀ ਫੜੀ ਗਈ ਇੱਕ ਔਰਤ ਨੂੰ ਨਿਆਂ ਲਈ ਯਿਸੂ ਦੇ ਸਾਹਮਣੇ ਲਿਆਂਦਾ ਗਿਆ ................................................ 45
17. "ਮੌਤ ਤੋਂ ਬਾਅਦ ਕੀ ਹੁੰਦਾ ਹੈ!" ਸਵਾਲ ਦਾ ਪਵਿੱਤਰ ਬਾਈਬਲ ਵਿੱਚੋਂ ਸਪੱਸ਼ਟ ਜਵਾਬ ........................................................ 49
18. ਸੱਤ ਗੱਲਾਂ ਜੋ ਯਿਸੂ ਮਸੀਹ ਨੇ ਸਲੀਬ ਉੱਤੇ ਕਹੀਆਂ ................................ 53
19. ਯਿਸੂ ਮਸੀਹ ਦੀ ਸਿੱਖਿਆ ਦਾ ਸਾਰੀ ਦੁਨੀਆ ਵਿੱਚ ਪਰਚਾਰ ਕੀਤਾ ਗਿਆ ........................................................ 54
20. ਰੱਬੀ ਬੁੱਧ ............................................................ 69




# 1. ਭਾਰਤੀ ਸਭਿਅਤਾ

ਹਿੰਦੂ ਧਰਮ ਨੂੰ ਸਭ ਤੋਂ ਪੁਰਾਣੇ ਧਰਮਾਂ ਵਿੱਚੋਂ ਇੱਕ ਅਤੇ ਦੁਨੀਆ ਦਾ ਤੀਜਾ ਸਭ ਤੋਂ ਵੱਡਾ ਧਰਮ ਵੀ ਮੰਨਿਆ ਜਾਂਦਾ ਹੈ। ਮੱਧ ਪੂਰਬ ਤੋਂ ਆਰੀਅਨ ਲੋਕ 3000 ਈਸਾ ਪੂਰਵ ਦੇ ਲਗਭਗ ਉੱਤਰੀ ਭਾਰਤ ਦੇ ਸਿੰਧ ਘਾਟੀ ਖੇਤਰ ਵਿੱਚ ਚਲੇ ਗਏ। ਉਨ੍ਹਾਂ ਦੀ ਭਾਸ਼ਾ ਅਤੇ ਸੱਭਿਆਚਾਰ ਸਿੰਧ ਸੂਬੇ ਵਿੱਚ ਰਹਿਣ ਵਾਲੇ ਸਵਦੇਸੀ ਲੋਕਾਂ ਨਾਲ ਘੁੱਲ ਮਿਲ ਗਿਆ ਸੀ। ਇਸ ਖੇਤਰ ਵਿੱਚ ਰਹਿਣ ਵਾਲੇ ਲੋਕਾਂ ਨੂੰ ਹਿੰਦੂ ਕਿਹਾ ਜਾਂਦਾ ਸੀ। ਜਿਸ ਧਰਮ ਦਾ ਉਹ ਪਾਲਣ ਕਰ ਰਹੇ ਸਨ, ਉਸ ਨੂੰ ਬਾਅਦ ਵਿੱਚ ਹਿੰਦੂ ਧਰਮ ਕਿਹਾ ਜਾਣ ਲੱਗਾ। ਆਪਣੇ ਆਪ ਨੂੰ ਵਸਾਉਣ ਅਤੇ ਸਥਾਪਿਤ ਕਰਨ ਤੋਂ ਬਾਅਦ, ਉਨ੍ਹਾਂ ਨੇ ਕੁਦਰਤੀ ਤੌਰ ਤੇ ਸੱਚੇ ਸਿਰਜਣਹਾਰ ਦੀ ਖੋਜ ਸ਼ੁਰੂ ਕਰ ਦਿੱਤੀ। ਵੈਦਿਕ ਕਾਲ ਤੋਂ, ਸ਼ਾਮ ਨੂੰ ਆਪਣੀ ਪੂਜਾ ਦੇ ਦੌਰਾਨ, ਉਹ ਆਮ ਤੌਰ ਤੇ ਰਿਗ-ਵੇਦ ਦੇ ਹੇਠਾਂ ਦਿੱਤੇ ਸ਼ਲੋਕ ਦਾ ਪਾਠ ਕਰਦੇ ਸਨ। (ਦੇਵਤਾਰਚਨਾ ਵਿਧੀ ਪੰਨਾ ਨੰ. 62)

**यानि कानि च पापानि जन्मांतर कृतानि च ।**
**तानि तानि विनश्यंति प्रदक्षिण पदे पदे ॥**
**पापोऽहं पापकर्माहं पापात्मा पापसम्भवः ।**
**त्राहि मां कृपया देव शरणागत वत्सल ।**
**अन्यथा शरणं नास्ति त्वमेव शरणं मम ॥**
**तस्मात् कारुण्य भावेन रक्ष रक्ष जनार्दन ॥**
**आ...नमः| प्रदक्षिण नमस्कारान समर्पयामि ॥**

***yāni kāni cha pāpāni janmāntara kṛutāni cha |***
***tāni tāni vinaśyanti pradakṣiṇa pade pade ||***
***Pāpōhaṁ pāpa karmahaṁ pāpātma pāpasambhava |***
***Trahi mām kṛupāya dēva śharanagata vatsala |***
***An'yathā śharanaṁ nāsti tvamēva śharanaṁ mama ||***
***Tasmath karun'ya bhāvēna rakṣha rakṣha Janārdana ||***
***ā… Namaḥ | pradakṣiṇa namaskāran samarpayāmi ||***

**ਅਰਥ:** "ਹੇ ਈਸ਼ਵਰ ਮੈਂ ਆਪਣੇ ਸਾਰੇ ਜੀਵਨ ਵਿੱਚ (ਪਿਛਲੇ ਜਨਮਾਂ ਸਮੇਤ) ਜੋ ਵੀ ਪਾਪ ਕੀਤੇ ਹਨ, ਕਿਰਪਾ ਕਰਕੇ ਉਨ੍ਹਾਂ ਨੂੰ ਹਰ ਕਦਮ ਨਾਲ ਜੋ ਮੈਂ ਤੁਹਾਡੇ ਵੱਲ ਨੂੰ ਲੈਂਦਾ ਹਾਂ ਨਸ਼ਟ ਕਰ ਦੇਹ। ਮੈਂ, ਇੱਕ ਪਾਪੀ ਹੋਣ ਦੇ ਨਾਤੇ, ਪਾਪੀ ਕੰਮ ਕੀਤੇ ਹਨ। ਪਾਪ ਮੇਰੇ ਤੋਂ ਨਿਕਲਦਾ ਹੈ ਕਿਉਂਕਿ ਮੈਂ ਪਾਪੀ ਹਾਂ। ਹੇ ਈਸ਼ਵਰ, ਤੁਸੀਂ ਜੋ ਤੁਹਾਡੇ ਵਿੱਚ ਸ਼ਰਨ ਲੈਣ ਵਾਲਿਆਂ ਨੂੰ ਨਹੀਂ ਤਿਆਗਦੇ, ਕਿਰਪਾ ਕਰਕੇ ਮੈਨੂੰ ਬਚਾਓ। ਤੈਥੋਂ ਬਿਨ੍ਹਾਂ ਮੇਰਾ ਹੋਰ ਕੋਈ ਸਹਾਰਾ ਨਹੀਂ ਹੈ। ਇਸ ਲਈ, ਮੈਂ ਤੇਰੇ ਅੱਗੇ ਸੀਸ ਨਿਵਾਉਂਦਾ ਹਾਂ ਅਤੇ ਮੇਰੇ ਉੱਤੇ ਰਹਿਮ ਕਰਨ ਦੀ ਬੇਨਤੀ ਕਰਦਾ ਹਾਂ। ਲੋਕਾਂ ਦੇ ਮਿਹਰਬਾਨ ਹਾਕਮ, ਮੈਨੂੰ ਬਚਾ ਲੈ, ਮੈਂ ਉਸਤਤ ਅਤੇ ਪੂਜਾ ਕਰਕੇ ਤੇਰੇ ਵੱਲ ਮੁੜਦਾ ਹਾਂ।"

ਹਰ ਮਨੁੱਖ ਜਨਮ ਤੋਂ (ਸੁਭਾਅ ਤੋਂ) ਪਾਪੀ ਹੈ ਅਤੇ ਜਿਉਂ-ਜਿਉਂ ਉਹ ਵੱਡਾ ਹੁੰਦਾ ਜਾਂਦਾ ਹੈ, ਉਹ ਪਾਪੀ ਕੰਮ ਕਰਦਾ ਹੈ, ਇਸ ਤਰ੍ਹਾਂ ਉਹ ਪੱਕਾ ਪਾਪੀ ਬਣ ਜਾਂਦਾ ਹੈ। ਪਾਪ ਦਾ ਅਰਥ ਹੈ ਵਿਚਾਰਾਂ ਅਤੇ ਕੰਮਾਂ ਦੁਆਰਾ ਧਾਰਮਿਕਤਾ ਦੇ ਨਿਸ਼ਾਨੇ ਨੂੰ ਗੁਆਉਣਾ।

ਬਚਨ ਕਹਿੰਦਾ ਹੈ, "ਕੋਈ ਵੀ ਧਰਮੀ ਨਹੀਂ ਹੈ, ਨਹੀਂ, ਇੱਕ ਵੀ ਨਹੀਂ।" ਜੇ ਅਸੀਂ ਆਖੀਏ ਕਿ ਸਾਡੇ ਵਿੱਚ ਕੋਈ ਪਾਪ ਨਹੀਂ ਹੈ, ਤਾਂ ਅਸੀਂ ਆਪਣੇ ਆਪ ਨੂੰ ਧੋਖਾ ਦਿੰਦੇ ਹਾਂ ਅਤੇ ਸੱਚ ਸਾਡੇ ਵਿੱਚ ਨਹੀਂ ਹੈ। ਫਿਰ ਪਾਪ ਤੋਂ ਛੁਟਕਾਰਾ ਕਿੱਥੇ ਹੈ? ਮਨੁੱਖ ਦੇ ਚੰਗੇ ਕੰਮ, ਨੇਕੀ, ਪਵਿੱਤਰ ਕੰਮ ਅਤੇ ਦਾਨ ਦੇ ਕੰਮ ਸਾਨੂੰ ਪਾਪ ਦੇ ਬੰਧਨ ਤੋਂ ਨਹੀਂ ਛੁਡਾ ਸਕਦੇ। ਲਾਜ਼ਮੀ ਨਿਯਮ, ਰੀਤੀ ਰਿਵਾਜ, ਤਪੱਸਿਆ ਦੀ ਪਾਲਣਾ ਅਤੇ ਭਗਤੀ ਦੀਆਂ ਸਾਧਨਾਵਾਂ ਸਾਨੂੰ ਪਵਿੱਤਰ ਪਰਮੇਸ਼ੁਰ ਦੀ ਹਜ਼ੂਰੀ ਵਿੱਚ ਧਰਮੀ ਨਹੀਂ ਬਣਾ ਸਕਦੀਆਂ। ਜਿਵੇਂ ਕਿ ਅਸੀਂ ਆਪਣੇ ਆਪ ਨੂੰ ਪਾਪ ਵਿੱਚ ਉਲਝਾ ਲਿਆ ਹੈ, ਕੀ ਸਾਨੂੰ ਸਵਰਗ ਦਿੱਤਾ ਜਾ ਸਕਦਾ ਹੈ? ਬਾਈਬਲ ਕਹਿੰਦੀ ਹੈ ਕਿ ਅਸੀਂ ਸਾਰੇ ਉਸ ਵਿਅਕਤੀ ਵਰਗੇ ਬਣ ਗਏ ਹਾਂ ਜੋ ਅਸ਼ੁੱਧ ਹੈ ਅਤੇ ਸਾਡੇ ਸਾਰੇ ਧਰਮੀ ਕੰਮ ਇੱਕ ਪਲੀਤ ਕੱਪੜੇ ਵਰਗੇ ਹਨ।

**ਸ਼੍ਰੀ ਪੁਰੰਦਰਾ ਦਾਸ ਜੀਵਨ ਬਾਰੇ ਇਸ ਤਰ੍ਹਾਂ ਬੋਲਦੇ ਹਨ:**

***Bevu belladolidarenu phala havige haleradarenu phala ||***

***Kutilava bidadhiha manujaru mantrava pataneya maadidarenu phala ||***

***matha pitharanu balalisidathanu yatreya madidarenu phala ||***

***Kapatathanadali kaadutha janaranu japavanu maadidarenu phala ||***

***Pathigala nindhipa satiyaru bahuvidha vrutagala maadidarenu phala ||***

***Heena gunagalu ingade gangeya snaanava maadidarenu phala ||***



**ਅਰਥ:** "ਗੁੜ ਵਿੱਚ ਨਿੰਮ ਰੱਖਣ ਦਾ ਕੀ ਲਾਭ ਹੈ? ਜ਼ਹਿਰੀਲੇ ਸੱਪ ਨੂੰ ਦੁੱਧ ਪਿਲਾਉਣ ਦਾ ਕੀ ਲਾਭ ਹੈ? ਮਨੁੱਖ ਨੂੰ ਕੀ ਲਾਭ, ਜੇਕਰ ਉਹ ਆਪਣੀ ਚਲਾਕੀ ਨੂੰ ਤਿਆਗੇ ਬਿਨ੍ਹਾਂ ਮੰਤਰਾਂ ਦਾ ਜਾਪ ਕਰੇ? ਜੇ ਉਹ ਆਪਣੇ ਮਾਤਾ-ਪਿਤਾ ਨੂੰ ਦੁਖੀ ਕਰੇ ਤਾਂ ਤੀਰਥਾਂ ਦੀ ਯਾਤਰਾ ਨਾਲ ਕੀ ਪ੍ਰਾਪਤ ਹੁੰਦਾ ਹੈ? ਮਦਦ ਲਈ ਅਪੀਲ ਦਾ ਕੀ ਲਾਭ ਹੈ, ਜੇ ਉਹ ਲੋਕਾਂ ਨੂੰ ਧੋਖਾ ਦੇਣ ਵਿੱਚ ਸ਼ਾਮਲ ਹੈ? ਪਤਨੀਆਂ ਦੁਆਰਾ ਵਰਤ ਰੱਖਣ ਦਾ ਕੀ ਲਾਭ ਹੈ, ਜੇ ਉਹ ਆਪਣੇ ਪਤੀਆਂ ਦਾ ਲਗਾਤਾਰ ਵਿਰੋਧ ਕਰਦੀਆਂ ਹਨ? ਬੁਰਿਆਈ ਨੂੰ ਛੱਡੇ ਬਿਨ੍ਹਾਂ, ਪਵਿੱਤਰ ਗੰਗਾ ਵਿੱਚ ਡੁਬਕੀ ਲਗਾਉਣ ਜਾਂ ਇਸ਼ਨਾਨ ਕਰਨ ਦਾ ਕੀ ਲਾਭ ਹੈ?"

## 2. ਮਨੁੱਖੀ ਆਤਮਾ ਲਈ ਕੋਈ ਮੌਤ ਨਹੀਂ

ਆਦ ਵਿੱਚ, ਸਾਰੇ ਜੀਵ-ਜੰਤੂ-ਪੰਛੀ ਅਤੇ ਜਾਨਵਰ ਪਰਮੇਸ਼ੁਰ ਦੇ ਬਚਨ "ਹੋਵੇ . . ." ਦੀ ਸ਼ਕਤੀ ਦੁਆਰਾ ਜੀਵਨ ਅਤੇ ਮਾਸ ਦੇ ਨਾਲ ਹੋਂਦ ਵਿੱਚ ਆਏ ਅਤੇ ਉਨ੍ਹਾਂ ਦੀ ਮੌਤ ਤੋਂ ਬਾਅਦ, ਉਨ੍ਹਾਂ ਦੀ ਹੋਂਦ ਖਤਮ ਹੋ ਗਈ। ਜਦ ਕਿ ਮਨੁੱਖ ਦੀ ਰਚਨਾ ਕਰਦੇ ਸਮੇਂ, ਪਰਮੇਸ਼ੁਰ ਨੇ ਕਿਹਾ, "ਆਓ ਅਸੀਂ ਆਦਮੀ ਨੂੰ ਆਪਣੇ ਸਰੂਪ ਉੱਤੇ ਬਣਾਈਏ" ਅਤੇ ਫਿਰ ਪ੍ਰਭੂ ਪਰਮੇਸ਼ੁਰ ਨੇ ਮਨੁੱਖ ਨੂੰ ਜ਼ਮੀਨ ਦੀ ਮਿੱਟੀ ਤੋਂ ਬਣਾਇਆ ਅਤੇ ਉਸ ਦੀਆਂ ਨਾਸਾਂ ਵਿੱਚ ਜੀਵਨ ਦਾ ਸਾਹ ਫੂਕਿਆ, ਅਤੇ ਮਨੁੱਖ ਇੱਕ ਜੀਵਤ ਪ੍ਰਾਣੀ ਬਣ ਗਿਆ। ਇਸ ਤਰੀਕੇ ਨਾਲ ਪਰਮੇਸ਼ੁਰ ਨੇ ਮਨੁੱਖ ਨੂੰ ਮਾਸ, ਜੀਵਨ ਅਤੇ ਆਤਮਾ (ਪ੍ਰਾਣ) ਨਾਲ ਬਣਾਇਆ ਹੈ। ਇਸ ਲਈ, ਮਨੁੱਖ ਦਾ ਜੀਵਨ ਅਤੇ ਆਤਮਾ ਉਸ ਦੇ ਸਰੀਰ (ਮਾਸ) ਵਿੱਚ ਵੱਸਦਾ ਹੈ।

ਇਸ ਸੰਸਾਰ ਵਿੱਚ ਮਨੁੱਖ ਦਾ ਜੀਵਨ ਅਸਥਾਈ ਹੈ। ਇੱਕ ਨਾ ਇੱਕ ਦਿਨ ਉਸ ਨੇ ਇਸ ਸੰਸਾਰ ਨੂੰ ਜ਼ਰੂਰ ਛੱਡਣਾ ਹੈ। ਇਸ ਸੰਸਾਰ ਵਿੱਚ ਪੈਦਾ ਹੋਇਆ ਮਨੁੱਖ ਦਲੇਰ, ਅਮੀਰ, ਬੁੱਧੀਮਾਨ ਅਤੇ ਨੇਕ ਹੋ ਸਕਦਾ ਹੈ ਪਰ ਜਦੋਂ ਉਹ ਮੌਤ ਬਾਰੇ ਸੁਣਦਾ ਹੈ, ਉਸ ਨੂੰ ਡਰ ਅਤੇ ਚਿੰਤਾ ਸਤਾਉਂਦੀ ਹੈ। ਅਸੀਂ ਇਸ ਸੰਸਾਰ ਵਿੱਚ ਕੁਝ ਨਹੀਂ ਲਿਆਏ ਅਤੇ ਵਾਪਸ ਜਾਂਦੇ ਸਮੇਂ ਅਸੀਂ ਕੁਝ ਨਹੀਂ ਲੈ ਕੇ ਜਾਵਾਂਗੇ। ਇਸ ਧਰਤੀ ਨੂੰ ਛੱਡਣ ਵੇਲੇ, ਅਸੀਂ ਜੋ ਕੁਝ ਵੀ ਕਮਾਇਆ ਹੈ, ਉਸ ਨੂੰ ਛੱਡ ਦੇਣਾ ਹੈ ਜਾਂ ਪਿੱਛੇ ਛੱਡ ਜਾਣਾ ਹੈ। ਮੌਤ ਮਨੁੱਖ ਤੇ ਬਿਮਾਰੀਆਂ, ਦੁਰਘਟਨਾਵਾਂ, ਕੁਦਰਤੀ ਆਫ਼ਤਾਂ ਜਾਂ ਕਿਸੇ ਹੋਰ ਤਰੀਕੇ ਨਾਲ ਆ ਸਕਦੀ ਹੈ। ਸਾਨੂੰ ਨਹੀਂ ਪਤਾ ਕਿ ਮੌਤ ਕਦੋਂ, ਕਿੱਥੇ ਅਤੇ ਕਿਵੇਂ ਆਵੇਗੀ। ਮੌਤ ਤੋਂ ਕੋਈ ਨਹੀਂ ਬਚ ਸਕਦਾ ਕਿਉਂਕਿ ਇਹ ਪਰਮੇਸ਼ੁਰ ਦੁਆਰਾ ਨਿਯੁਕਤ ਕੀਤੀ ਗਈ ਹੈ।

ਮੌਤ ਸਰੀਰ ਲਈ ਹੈ ਪਰ ਆਤਮਾ ਦੀ ਕੋਈ ਮੌਤ ਨਹੀਂ ਹੈ। ਆਤਮਾ ਸਰੀਰ ਵਿੱਚ ਵੱਸਦੀ ਹੈ ਅਤੇ ਜਦੋਂ ਇਹ ਸਰੀਰ ਛੱਡਦੀ ਹੈ ਤਾਂ ਸਰੀਰਕ ਮੌਤ ਹੋ ਜਾਂਦੀ ਹੈ। ਮਨੁੱਖੀ ਆਤਮਾ ਸਦੀਪਕ ਕਾਲ ਵਿੱਚ ਪ੍ਰਵੇਸ਼ ਕਰਦੀ ਹੈ, ਜਾਂ ਤਾਂ ਸਵਰਗ ਜਾਂ ਨਰਕ ਵਿੱਚ। ਇਨ੍ਹਾਂ ਦੋ ਥਾਵਾਂ ਤੋਂ ਇਲਾਵਾ ਮਨੁੱਖੀ ਆਤਮਾ ਦਾ ਕੋਈ ਹੋਰ ਸਥਾਨ ਨਹੀਂ ਹੈ।

### ਨਰਕ

ਸਾਨੂੰ, ਸਾਡੇ ਪਾਪੀ ਸੁਭਾਅ ਦੇ ਨਾਲ, ਸਾਡੀ ਰੂਹ ਨੂੰ ਨਰਕ ਵਿੱਚ ਦਾਖਲਾ ਦਿਵਾਉਣ ਦੇ ਲਈ ਕੁਝ ਵੀ ਕਰਨ ਦੀ ਲੋੜ ਨਹੀਂ ਹੈ। ਇਹ ਬਿਲਕੁਲ ਮੁਫ਼ਤ ਹੈ। ਨਰਕ ਦਾ ਮਤਲਬ ਭੋਗ ਵਿਲਾਸ ਜਾਂ ਅਨੰਦ ਦੀ ਜਗ੍ਹਾ ਨਹੀਂ ਹੈ, ਜਿਸ ਵਿੱਚ ਵਿਭਚਾਰ, ਸ਼ਰਾਬ ਪੀਣਾ, ਅਜੀਬੋਗਰੀਬ ਨਾਚ ਜਾਂ ਕੋਈ ਹੋਰ ਪਾਪੀ ਕੰਮ ਸ਼ਾਮਲ ਹਨ। ਨਰਕ ਇੱਕ ਭਿਆਣਕ ਜਗ੍ਹਾ ਹੈ। ਇਹ ਅੱਗ ਦੀ ਝੀਲ ਹੈ, ਜੋ ਗੰਧਕ ਨਾਲ ਬਲਦੀ ਹੈ। ਇਹ ਸਦੀਪਕ ਤਸੀਹੇ ਅਤੇ ਸਜ਼ਾ ਦੀ ਅਵਸਥਾ ਹੈ। ਅੱਜਕੱਲ੍ਹ, ਇਹ ਵਿਗਿਆਨਕ ਤੌਰ ਤੇ ਵੀ ਸਾਬਤ ਹੋ ਚੁੱਕਾ ਹੈ।

ਪਵਿੱਤਰ ਕੁਰਾਨ (ਸੂਰਾ 23:104 ਅਤੇ 22:19-22) ਵਿੱਚ ਨਰਕ ਦਾ ਵਰਣਨ ਇਸ ਪ੍ਰਕਾਰ ਕੀਤਾ ਗਿਆ ਹੈ:

## ٢٢ سُوۡرَةُ الحَجّ 22:Al-Hajj

**19: یہ دو (فریق) ایک دوسرے کے دشمن اپنے پروردگار (کے بارے) میں**
**جھگڑتے ہیں۔ تو کافر ہیں ان کے لئے آگ کے کپڑے قطع کئے جائیں گے**
**اور ان کے سروں پرجلتا ہوا پانی ڈالا جائے گا)**

ਅਰਥ: ਇਨ੍ਹਾਂ ਦੋਹਾਂ, ਵਿਸ਼ਵਾਸੀ ਅਤੇ ਗੈਰ-ਵਿਸ਼ਵਾਸੀ ਵਿੱਚੋਂ, ਵਿਸ਼ਵਾਸੀ ਆਪਣੇ ਪ੍ਰਭੂ ਬਾਰੇ ਝਗੜਦੇ ਹਨ। ਪਰ ਜਿਹੜੇ ਲੋਕ ਵਿਸ਼ਵਾਸ ਨਹੀਂ ਕਰਦੇ ਉਨ੍ਹਾਂ ਨੂੰ ਅੱਗ ਦੀਆਂ ਲਾਟਾਂ ਵਾਲੇ ਬਸਤਰ ਪਹਿਨਾਏ ਜਾਣਗੇ। ਉਨ੍ਹਾਂ ਦੇ ਸਿਰਾਂ ਉੱਤੇ ਉਬਲਦਾ ਪਾਣੀ ਡੋਲ੍ਹਿਆ ਜਾਵੇਗਾ।

**20: اس سے ان کے پیٹ کے اندر کی چیزیں اور کھالیں گل جائیں گی**

**ਅਰਥ:** ਇਸ ਤਰ੍ਹਾਂ ਉਨ੍ਹਾਂ ਦੀ ਚਮੜੀ ਹੀ ਨਹੀਂ ਸਗੋਂ ਉਨ੍ਹਾਂ ਦੇ ਢਿੱਡ ਦੇ ਅੰਦਰਲੇ ਹਿੱਸੇ ਵੀ ਪਿਘਲ ਜਾਣਗੇ।



**21 : اور ان )کے مارنے ٹھوکنے (کے لئ ے لوہے کے ہتھوڑے ہوں گ**

**ਅਰਥ:** ਅਤੇ ਉਨ੍ਹਾਂ ਨੂੰ ਸਜ਼ਾ ਦੇਣ ਲਈ ਲੋਹੇ ਦੀਆਂ ਗੁਰਜਾਂ ਹੋਣਗੀਆਂ।

**22جب وہ چاہیں گے کہ اس رنج (وتکلیف) کی وجہ**
**سے دوزخ سے نکل جائیں تو پھر اسی میں لوٹا دیئےجائیں گے۔ اور**
**جائے گا کہ) جلنے کے عذاب کا مزہ چکھتے رہو**

**ਅਰਥ:** ਡਰੀਆਂ ਹੋਈਆਂ ਰੂਹਾਂ ਜਿੰਨੀ ਵਾਰ ਨਰਕ ਤੋਂ ਭੱਜਣ ਦੀ ਕੋਸ਼ਿਸ਼ ਕਰਦੀਆਂ ਹਨ, ਓਨੀ ਹੀ ਵਾਰ ਉਨ੍ਹਾਂ ਨੂੰ ਵਾਪਸ (ਨਰਕ) ਵਿੱਚ ਖਿੱਚ ਲਿਆ ਜਾਂਦਾ ਹੈ ਅਤੇ ਕਿਹਾ ਜਾਂਦਾ ਹੈ ਕਿ ਉਹ ਬਲਦੀ ਹੋਈ ਸਜ਼ਾ ਦਾ ਅਨੰਦ ਲੈਣ।

## 23: Surah Al-Muminun سُوۡرَةُ المؤمنون ٣٢

**104:** ڑھائے ہوں گے
آگ ان کے مونہوں کو جھلس دے گی اور وہ اس میں تیوری چ

**ਅਰਥ:** ਅੱਗ ਦੀਆਂ ਲਾਟਾਂ ਉਨ੍ਹਾਂ ਦੇ ਮੂੰਹ ਦੀ ਚਮੜੀ ਨੂੰ ਚੱਟਦੀਆਂ ਹਨ ਅਤੇ ਉਨ੍ਹਾਂ ਦੇ ਜਬਾੜੇ ਬਾਹਰ ਨਿਕਲ ਜਾਂਦੇ ਹਨ। ਉਹ ਸਦਾ ਲਈ ਨਰਕ ਵਿੱਚ ਰਹਿੰਦੇ ਹਨ। ਉਨ੍ਹਾਂ ਨੂੰ ਉਬਲਦਾ ਪਾਣੀ ਪੀਣ ਲਈ ਮਜ਼ਬੂਰ ਕੀਤਾ ਜਾਵੇਗਾ ਜੋ ਉਨ੍ਹਾਂ ਦੀਆਂ ਅੰਤੜੀ ਨੂੰ ਪਿਘਲਾ ਦੇਵੇਗਾ। ਉਹ ਮੌਤ ਲਈ ਮਿੰਨਤਾਂ ਕਰਨ ਲੱਗ ਜਾਣਗੇ। ਪਰ ਮੌਤ ਉਨ੍ਹਾਂ ਦਾ ਮਜ਼ਾਕ ਉਡਾਵੇਗੀ।

ਪਵਿੱਤਰ ਬਾਈਬਲ ਇਹ ਵੀ ਦੱਸਦੀ ਹੈ ਕਿ ਨਰਕ ਅਸਲੀ ਜਗ੍ਹਾ ਹੈ 'ਜਿੱਥੇ ਉਨ੍ਹਾਂ ਦਾ ਕੀੜਾ ਨਹੀਂ ਮਰਦਾ ਅਤੇ ਅੱਗ ਨਹੀਂ ਬੁਝਦੀ।' ਪਰ ਪਰਮੇਸ਼ੁਰ ਦੀ ਕਿਰਪਾ ਨਾਲ ਇਸ ਸਦੀਪਕ ਅੱਗ ਵਿੱਚ ਪ੍ਰਵੇਸ਼ ਕਰਨ ਤੋਂ ਬਚਣ ਦਾ ਇੱਕ ਰਸਤਾ ਹੈ। ਪਰਮੇਸ਼ੁਰ ਨੇ ਨਰਕ, ਸਦੀਪਕ ਅੱਗ ਨੂੰ ਸ਼ਤਾਨ ਅਤੇ ਉਸ ਦੇ ਦੂਤਾਂ ਨੂੰ ਸਜ਼ਾ ਦੇਣ ਦੇ ਉਦੇਸ਼ ਨਾਲ ਬਣਾਇਆ ਹੈ ਅਤੇ ਨਿਸ਼ਚਤ ਤੌਰ ਤੇ ਮਨੁੱਖ ਨੂੰ ਸਜ਼ਾ ਦੇਣ ਦੇ ਉਦੇਸ਼ ਨਾਲ ਨਹੀਂ।

## ਸਵਰਗ

ਪਵਿੱਤਰ ਬਾਈਬਲ ਕਹਿੰਦੀ ਹੈ: "ਭੀੜੇ ਫਾਟਕ ਤੋਂ ਵੜੋ ਕਿਉਂ ਜੋ ਮੋਕਲਾ ਹੈ ਉਹ ਫਾਟਕ ਅਤੇ ਖੁਲ੍ਹਾ ਹੈ ਉਹ ਰਾਹ ਜਿਹੜਾ ਨਾਸ ਨੂੰ ਜਾਂਦਾ ਹੈ ਅਰ ਬਹੁਤੇ ਹਨ ਜਿਹੜੇ ਉਸ ਤੋਂ ਜਾਂਦੇ ਹਨ। ਅਤੇ ਭੀੜਾ ਹੈ ਉਹ ਫਾਟਕ ਅਤੇ ਸੌੜਾ ਹੈ ਉਹ ਰਾਹ ਜਿਹੜਾ ਜੀਉਣ ਨੂੰ ਜਾਂਦਾ ਹੈ ਅਤੇ ਜੋ ਉਸ ਨੂੰ ਲੱਭਦੇ ਹਨ ਸੋ ਵਿਰਲੇ ਹਨ।"

(ਮੱਤੀ 7:13,14)

"ਮਨੁੱਖ ਨੂੰ ਕੀ ਲਾਭ ਜੇ ਸਾਰੇ ਜਗਤ ਨੂੰ ਕਮਾਵੇ ਅਤੇ ਆਪਣੀ ਜਾਨ ਦਾ ਨੁਕਸਾਨ ਕਰੇ? ਤਾਂ ਮਨੁੱਖ ਆਪਣੀ ਜਾਨ ਦੇ ਬਦਲੇ ਕੀ ਦੇਵੇ?"

(ਮਰਕੁਸ 8:36,37)

**ਯਿਸੂ ਮਸੀਹ ਦੇ ਚੇਲੇ ਯੂਹੰਨਾ ਨੇ ਸਵਰਗ ਦਾ ਦਰਸ਼ਣ ਵੇਖਿਆ ਅਤੇ ਇਸ ਬਾਰੇ ਪਰਕਾਸ਼ ਦੀ ਪੁਸਤਕ ਵਿੱਚ ਇਸ ਤਰ੍ਹਾਂ ਲਿਖਿਆ:**

"ਉਹ ਮੈਨੂੰ ਆਤਮਾ ਵਿੱਚ ਇੱਕ ਵੱਡੇ ਅਤੇ ਉੱਚੇ ਪਹਾੜ ਉੱਤੇ ਲੈ ਗਿਆ ਅਤੇ ਓਸ ਨੇ ਉਹ ਪਵਿੱਤਰ ਨਗਰੀ ਯਰੂਸ਼ਲਮ ਪਰਮੇਸ਼ੁਰ ਕੋਲੋਂ ਅਕਾਸ਼ੋਂ ਉਤਰਦੀ ਮੈਨੂੰ ਵਿਖਾਈ ਜਿਹ ਦੇ ਵਿੱਚ ਪਰਮੇਸ਼ੁਰ ਦਾ ਤੇਜ ਸੀ। ਉਹ ਦੀ ਜੋਤ ਅੱਤ ਭਾਰੇ ਮੁੱਲ ਦੇ ਜਵਾਹਰ ਵਰਗੀ ਸੀ ਅਰਥਾਤ ਪੁਖਰਾਜ ਪੱਥਰ ਜਿਹੀ ਜੋ ਬਲੌਰ ਦੀ ਨਿਆਈਂ ਨਿਰਮਲ ਹੋਵੇ। ਅਤੇ ਉਹ ਦੀ ਵੱਡੀ ਅਤੇ ਉੱਚੀ ਸਫ਼ੀਲ ਹੈ ਅਤੇ ਉਹ ਦੇ ਬਾਰਾਂ ਦਰਵੱਜੇ ਹਨ ਅਤੇ ਓਹਨਾਂ ਦਰਵੱਜਿਆਂ ਉੱਤੇ ਬਾਰਾਂ ਦੂਤ। ਅਤੇ ਓਹਨਾਂ ਉੱਤੇ ਨਾਉਂ ਲਿਖੇ ਹੋਏ ਸਨ ਜਿਹੜੇ ਇਸਰਾਏਲ ਦੇ ਵੰਸ ਦੀਆਂ ਬਾਰਾਂ ਗੋਤਾਂ ਦੇ ਨਾਉਂ ਹਨ। ਚੜ੍ਹਦੀ ਵੱਲੇ ਤਿੰਨ ਦਰਵੱਜੇ ਅਤੇ ਉੱਤਰ ਵੱਲੇ ਤਿੰਨ ਦਰਵੱਜੇ ਅਤੇ ਦੱਖਣ ਵੱਲੇ ਤਿੰਨ ਦਰਵੱਜੇ ਅਤੇ ਲਹਿੰਦੀ ਵੱਲੇ ਤਿੰਨ ਦਰਵੱਜੇ ਹਨ। ਅਤੇ ਓਸ ਨਗਰੀ ਦੀ ਸਫ਼ੀਲ ਦੀਆਂ ਬਾਰਾਂ ਨੀਹਾਂ ਹਨ ਅਤੇ ਓਹਨਾਂ ਉੱਤੇ ਲੇਲੇ ਦੇ ਬਾਰਾਂ ਰਸੂਲਾਂ ਦੇ ਨਾਉਂ ਹਨ। ਮੇਰੇ ਨਾਲ ਜਿਹੜਾ ਗੱਲ ਕਰਦਾ ਸੀ ਓਹ ਦੇ ਕੋਲ ਇੱਕ ਨਾਪ ਅਰਥਾਤ ਇੱਕ ਸੋਨੇ ਦਾ ਕਾਨਾ ਸੀ ਭਈ ਉਹ ਉਸ ਨਗਰੀ ਦੀ ਅਤੇ ਉਹ ਦਿਆਂ ਦਰਵੱਜਿਆਂ ਦੀ ਅਤੇ ਉਹ ਦੀ ਸਫ਼ੀਲ ਦੀ ਮਿਣਤੀ ਕਰੇ। ਅਤੇ ਉਹ ਨਗਰੀ ਚੌਰਸ ਬਣੀ ਹੋਈ ਹੈ ਅਤੇ ਜਿੰਨੀ ਉਹ ਦੀ ਚੁੜਾਈ ਹੈ ਉੱਨੀ ਹੀ ਉਹ ਦੀ ਲੰਬਾਈ ਹੈ। ਅਤੇ ਓਸ ਨੇ ਨਗਰੀ ਨੂੰ ਕਾਨੇ ਨਾਲ ਮਿਣਿਆ ਅਤੇ ਗਿਆਰ੍ਹਾਂ ਸੌ ਕੋਹ ਨਿੱਕਲੀ ਉਹ ਦੀ ਲੰਬਾਈ ਅਤੇ ਚੁੜਾਈ ਅਤੇ ਉਚਾਈ ਇੱਕੋ ਜਿਹੀ ਹੈ। ਅਤੇ ਓਸ ਨੇ ਉਹ ਦੀ ਸਫ਼ੀਲ ਨੂੰ ਮਨੁੱਖ ਦੇ ਅਰਥਾਤ ਦੂਤ ਦੇ ਨਾਪ ਦੇ ਅਨੁਸਾਰ ਮਿਣਿਆ ਅਤੇ ਇੱਕ ਸੌ ਚੁਤਾਲੀ



ਹੱਥ ਨਿਕਲੀ। ਅਤੇ ਉਹ ਸਫ਼ੀਲ ਦੀ ਚਿਣਾਈ ਯਸ਼ਬ ਦੀ ਸੀ ਅਤੇ ਉਹ ਨਗਰੀ ਨਖਾਲਸ ਸੋਨੇ ਦੀ ਸੀ ਸਾਫ਼ ਸ਼ੀਸ਼ੇ ਦੀ ਨਿਆਈਂ। ਓਸੇ ਨਗਰੀ ਦੀ ਸਫ਼ੀਲ ਦੀਆਂ ਨੀਹਾਂ ਹਰ ਪਰਕਾਰ ਦੇ ਜਵਾਹਰ ਨਾਲ ਜੜੀਆਂ ਹੋਈਆਂ ਸਨ। ਪਹਿਲੀ ਨੀਂਹ ਯਸ਼ਬ ਦੀ ਸੀ, ਦੂਜੀ ਨੀਲਮ ਦੀ, ਤੀਜੀ ਦੂਧੀਯਾ ਅਕੀਕ ਦੀ, ਚੌਥੀ ਪੰਨੇ ਦੀ, ਪੰਜਵੀ ਸੁਲੇਮਾਨੀ ਦੀ, ਛੇਵੀਂ ਲਾਲ ਅਕੀਕ ਦੀ, ਸੱਤਵੀਂ ਜ਼ਬਰਜਦ ਦੀ, ਅੱਠਵੀਂ ਬੈਰੂਜ ਦੀ ਨੌਂਵੀਂ ਸੁਨਹਿਲੇ ਦੀ, ਦੱਸਵੀਂ ਹਰੇ ਅਕੀਕ ਦੀ, ਗਿਆਰ੍ਹਵੀਂ ਜ਼ਰਕਨ ਦੀ ਬਾਰ੍ਹਵੀ ਕਟਹਲੇ ਦੀ ਅਤੇ ਬਾਰਾਂ ਦਰਵੱਜੇ ਬਾਰਾਂ ਮੋਤੀ ਸਨ। ਇੱਕ ਇੱਕ ਦਰਵੱਜਾ ਇੱਕ ਇੱਕ ਮੋਤੀ ਦਾ ਸੀ, ਅਤੇ ਓਸ ਨਗਰੀ ਦਾ ਚੌਂਕ ਨਖਾਲਸ ਸੋਨੇ ਦਾ ਸੀ ਨਿਰਮਲ ਸ਼ੀਸ਼ੇ ਵਰਗਾ। ਮੈਂ ਓਸ ਵਿੱਚ ਕੋਈ ਹੈਕਲ ਨਾ ਵੇਖੀ ਕਿਉਂ ਜੋ ਪ੍ਰਭੂ ਪਰਮੇਸ਼ੁਰ ਸਰਬ ਸ਼ਕਤੀਮਾਨ ਅਤੇ ਲੇਲਾ ਉਹ ਦੀ ਹੈਕਲ ਹੈ ਅਤੇ ਓਸ ਨਗਰੀ ਨੂੰ ਸੂਰਜ ਦੀ ਕੁਝ ਲੋੜ ਨਹੀਂ, ਨਾ ਚੰਦਰਮਾ ਦੀ ਭਈ ਓਹ ਉਸ ਉੱਤੇ ਚਮਕਣ ਕਿਉਂ ਜੋ ਪਰਮੇਸ਼ੁਰ ਦੇ ਤੇਜ ਨੇ ਉਹ ਨੂੰ ਚਾਨਣ ਕੀਤਾ ਅਤੇ ਲੇਲਾ ਉਹ ਦੀ ਜੋਤ ਹੈ। ਅਤੇ ਕੌਮਾਂ ਉਹ ਦੇ ਚਾਨਣੇ ਦੇ ਆਸਰੇ ਫਿਰਨਗੀਆਂ ਅਤੇ ਧਰਤੀ ਤੇ ਰਾਜੇ ਆਪਣੀ ਸ਼ਾਨ ਓਸ ਵਿੱਚ ਲਿਆਉਣਗੇ। ਅਤੇ ਉਹ ਦੇ ਦਰਵੱਜੇ ਦਿਨ ਨੂੰ ਕਦੇ ਬੰਦ ਨਾ ਹੋਣਗੇ ਕਿਉਂ ਜੋ ਰਾਤ ਤਾਂ ਉੱਥੇ ਹੋਣੀ ਹੀ ਨਹੀਂ। ਅਤੇ ਓਹ ਕੌਮਾਂ ਦੀ ਸ਼ਾਨ ਅਤੇ ਮਾਣ ਓਸ ਵਿੱਚ ਲਿਆਉਣਗੇ। ਪਰ ਕੋਈ ਅਪਵਿੱਤਰ ਵਸਤ ਯਾ ਕੋਈ ਘਿਣਾਉਣਾ ਅਤੇ ਝੂਠਾ ਕੰਮ ਕਰਨ ਵਾਲਾ ਓਸ ਵਿੱਚ ਕਦੇ ਨਾ ਵੜੇਗਾ ਪਰ ਨਿਰੇ ਓਹ ਜਿਹੜੇ ਲੇਲੇ ਦੀ ਜੀਵਨ ਦੀ ਪੋਥੀ ਵਿੱਚ ਲਿਖੇ ਹੋਏ ਹਨ। ਉੱਥੇ ਉਸ ਸ਼ਹਿਰ ਵਿੱਚ ਮਸੀਹ ਯਿਸੂ ਸਿੰਘਾਸਣ ਉੱਤੇ ਬਿਰਾਜਮਾਨ ਹੋਵੇਗਾ। ਵਿਸ਼ਵਾਸੀ ਉਸ ਦੀ ਹਜ਼ੂਰੀ ਵਿੱਚ ਰਹਿਣਗੇ ਅਤੇ ਉਹ ਜੁੱਗੋ ਜੁੱਗ ਰਾਜ ਕਰਨਗੇ।"

(ਪਰਕਾਸ਼ ਦੀ ਪੋਥੀ 21: 9-27)

# 3. ਸਵਰਗ ਦਾ ਰਾਹ

ਜਦੋਂ ਉਨ੍ਹਾਂ ਨੇ ਪਾਪ ਕੀਤਾ ਤਾਂ ਪਰਮੇਸ਼ੁਰ ਨੇ ਦੂਤਾਂ ਨੂੰ ਨਹੀਂ ਬਖਸ਼ਿਆ, ਪਰ ਉਨ੍ਹਾਂ ਨੂੰ ਨਰਕ ਵਿੱਚ ਸੁੱਟ ਦਿੱਤਾ ਅਤੇ ਉਨ੍ਹਾਂ ਨੂੰ ਹਨੇਰੇ ਦੀਆਂ ਜ਼ੰਜੀਰਾਂ ਵਿੱਚ ਬੰਨ੍ਹ ਦਿੱਤਾ ਤਾਂ ਜੋ ਨਿਆਂ ਦੇ ਦਿਨ ਤੱਕ ਉੱਥੇ ਰਹਿਣ। ਪਰ ਜਦੋਂ ਮਨੁੱਖਾਂ ਨੇ ਪਾਪ ਕੀਤਾ, "ਕਿਉਂਕਿ ਪਰਮੇਸ਼ੁਰ ਨੇ ਜਗਤ ਨੂੰ ਅਜਿਹਾ ਪਿਆਰ ਕੀਤਾ ਕਿ ਉਸ ਨੇ ਆਪਣਾ ਇਕਲੌਤਾ ਪੁੱਤਰ ਯਿਸੂ ਦੇ ਦਿੱਤਾ, ਤਾਂ ਜੋ ਜੋ ਕੋਈ ਉਸ ਉੱਤੇ ਨਿਹਚਾ ਕਰੇ ਉਹ

ਨਾਸ ਨਾ ਹੋਵੇ ਪਰ ਸਦੀਪਕ ਜੀਉਣ ਪਾਵੇ।" ਪਰਮੇਸ਼ੁਰ ਦਾ ਬਚਨ ਅਰਥਾਤ ਬਾਈਬਲ ਕਹਿੰਦੀ ਹੈ।

ਮਸੀਹ ਦੇ ਜਨਮ ਤੋਂ ਲਗਭਗ 700 ਸਾਲ ਪਹਿਲਾਂ, ਨਬੀ ਯਸਾਯਾਹ ਨੇ ਕਿਹਾ, "ਵੇਖੋ, ਕੁਆਰੀ ਗਰਭਵਤੀ ਹੋਵੇਗੀ ਅਤੇ ਇੱਕ ਪੁੱਤਰ ਜਣੇਗੀ।" "ਅਤੇ ਉਹ ਦਾ ਨਾਮ ਇਉਂ ਸੱਦਿਆ ਜਾਵੇਗਾ, ਅਚਰਜ ਸਲਾਹੂ, ਸ਼ਕਤੀਮਾਨ ਪਰਮੇਸ਼ੁਰ, ਅਨਾਦੀ ਪਿਤਾ, ਸ਼ਾਂਤੀ ਦਾ ਰਾਜਕੁਮਾਰ।" ਇਸ ਤਰ੍ਹਾਂ, ਯਸਾਯਾਹ ਨਬੀ ਦੱਸਦਾ ਹੈ।

ਪਵਿੱਤਰ ਬਾਈਬਲ ਕਹਿੰਦੀ ਹੈ ਕਿ "ਆਦ ਵਿੱਚ ਸ਼ਬਦ ਸੀ ਅਰ ਸ਼ਬਦ ਪਰਮੇਸ਼ੁਰ ਦੇ ਸੰਗ ਸੀ ਅਤੇ ਸ਼ਬਦ ਪਰਮੇਸ਼ੁਰ ਸੀ। ਇਹੋ ਆਦ ਵਿੱਚ ਪਰਮੇਸ਼ੁਰ ਦੇ ਸੰਗ ਸੀ। ਸੱਭੋ ਕੁਝ ਉਸ ਤੋਂ ਰਚਿਆ ਗਿਆ ਅਤੇ ਰਚਨਾ ਵਿੱਚੋਂ ਇੱਕ ਵਸਤੁ ਭੀ ਉਸ ਤੋਂ ਬਿਨਾ ਨਹੀਂ ਰਚੀ ਗਈ। ਉਸ ਵਿੱਚ ਜੀਉਣ ਸੀ ਅਤੇ ਉਹ ਜੀਉਣ ਇਨਸਾਨ ਦਾ ਚਾਨਣ ਸੀ। ਅਤੇ ਸ਼ਬਦ ਦੇਹ ਧਾਰੀ ਹੋਇਆ ਅਤੇ ਕਿਰਪਾ ਅਤੇ ਸਚਿਆਈ ਨਾਲ ਭਰਪੂਰ ਹੋ ਕੇ ਸਾਡੇ ਵਿੱਚ ਵਾਸ ਕੀਤਾ ਅਤੇ ਅਸਾਂ ਉਸ ਦਾ ਤੇਜ ਪਿਤਾ ਦੇ ਇਕਲੌਤੇ ਦੇ ਤੇਜ ਵਰਗਾ ਡਿੱਠਾ। ਉਸ ਦੀ ਭਰਪੂਰੀ ਵਿੱਚੋਂ ਅਸਾਂ ਸਭਨਾਂ ਨੇ ਪਾਇਆ, ਕਿਰਪਾ ਉੱਤੇ ਕਿਰਪਾ। ਕਿਸੇ ਨੇ ਪਰਮੇਸ਼ੁਰ ਨੂੰ ਕਦੇ ਨਹੀਂ ਵੇਖਿਆ, ਇਕਲੌਤਾ ਪੁੱਤ੍ਰ ਜਿਹੜਾ ਪਿਤਾ ਦੀ ਗੋਦ ਵਿੱਚ ਹੈ ਉਸੇ ਨੇ ਉਹ ਨੂੰ ਪਰਗਟ ਕੀਤਾ।"

ਕੁਆਰੀ ਮਰੀਅਮ ਪਵਿੱਤਰ ਆਤਮਾ ਦੁਆਰਾ ਗਰਭਵਤੀ ਹੋਈ ਸੀ। ਉਸ ਨੇ ਬੈਤਲਹਮ ਵਿੱਚ ਜੇਠੇ ਪੁੱਤਰ ਨੂੰ ਜਨਮ ਦਿੱਤਾ ਅਤੇ ਉਸ ਨੂੰ ਕੱਪੜੇ ਵਿੱਚ ਲਪੇਟਿਆ ਅਤੇ ਇੱਕ ਖੁਰਲੀ ਵਿੱਚ ਰੱਖਿਆ, ਕਿਉਂਕਿ ਸਰਾਂ ਵਿੱਚ ਉਨ੍ਹਾਂ ਲਈ ਕੋਈ ਥਾਂ ਨਹੀਂ ਸੀ। ਪਰਮੇਸ਼ੁਰ ਦੇ ਦੂਤ ਦੇ ਸੰਦੇਸ਼ ਦੇ ਅਨੁਸਾਰ, ਉਨ੍ਹਾਂ ਨੇ ਬੱਚੇ ਦਾ ਨਾਮ "ਯਿਸੂ" ਰੱਖਿਆ, ਜਿਸ ਦਾ ਅਰਥ ਹੈ "ਉਹ ਆਪਣੇ ਲੋਕਾਂ ਨੂੰ ਉਨ੍ਹਾਂ ਦੇ ਪਾਪਾਂ ਤੋਂ ਬਚਾਵੇਗਾ।"

ਜਦੋਂ ਯੂਹੰਨਾ ਬਪਤਿਸਮਾ ਦੇਣ ਵਾਲੇ ਨੇ ਯਿਸੂ ਨੂੰ ਵੇਖਿਆ, ਉਹ ਆਪਣੇ ਸਰੋਤਿਆਂ ਵੱਲ ਮੁੜਿਆ ਅਤੇ ਕਿਹਾ, "ਵੇਖੋ ਪਰਮੇਸ਼ੁਰ ਦਾ ਲੇਲਾ ਜਿਹੜਾ ਜਗਤ ਦਾ ਪਾਪ ਚੁੱਕ ਲੈ ਜਾਂਦਾ ਹੈ!" ਕਿਉਂਕਿ ਅਸੀਂ ਮਾਸ ਅਤੇ ਲਹੂ ਦੇ ਰੂਪ ਵਿੱਚ ਹਾਂ, ਪਰਮੇਸ਼ੁਰ ਖੁਦ ਮਾਸ ਅਤੇ ਲਹੂ ਦੇ ਰੂਪ ਵਿੱਚ ਇਸ ਜਗਤ ਵਿੱਚ ਆਇਆ, ਅਰਥਾਤ, ਉਹ ਸਰੀਰ ਵਿੱਚ ਪ੍ਰਗਟ ਹੋਇਆ, ਆਤਮਾ ਦੁਆਰਾ ਪ੍ਰਮਾਣਿਤ ਕੀਤਾ ਗਿਆ, ਦੂਤਾਂ ਦੁਆਰਾ ਵੇਖਿਆ ਗਿਆ, ਕੌਮਾਂ ਵਿੱਚ ਘੋਸ਼ਿਤ ਕੀਤਾ ਗਿਆ, ਜਗਤ



ਵਿੱਚ ਉਸ ਉੱਤੇ ਵਿਸ਼ਵਾਸ ਕੀਤਾ ਗਿਆ, ਮਹਿਮਾ ਜਾਂ ਤੇਜ ਵਿੱਚ ਉਤਾਹਾਂ ਉਠਾ ਲਿਆ ਗਿਆ।

ਯਿਸੂ ਨੇ ਪਰਮੇਸ਼ੁਰ ਦੇ ਸਰੂਪ ਵਿੱਚ ਹੋ ਕੇ ਪਰਮੇਸ਼ੁਰ ਦੇ ਤੁੱਲ ਹੋਣਾ ਕਬਜ਼ੇ ਰੱਖਣ ਦੀ ਚੀਜ਼ ਨਾ ਜਾਣਿਆ। ਸਗੋਂ ਉਸ ਨੇ ਆਪਣੇ ਆਪ ਨੂੰ ਸੱਖਣਾ ਕਰ ਕੇ ਦਾਸ ਦਾ ਰੂਪ ਧਾਰਿਆ ਅਤੇ ਮਨੁੱਖਾਂ ਦੀ ਸੂਰਤ ਵਿੱਚ ਜੰਮਿਆ। ਅਤੇ ਮਨੁੱਖ ਦੀ ਸ਼ਕਲ ਵਿੱਚ ਪਰਗਟ ਹੋ ਕੇ ਆਪਣੇ ਆਪ ਨੂੰ ਨੀਵਿਆਂ ਕੀਤਾ ਅਤੇ ਮੌਤ ਤਾਈਂ ਸਗੋਂ ਸਲੀਬ ਦੀ ਮੌਤ ਤਾਈਂ ਆਗਿਆਕਾਰ ਬਣਿਆ। ਇਸ ਕਾਰਨ ਪਰਮੇਸ਼ੁਰ ਨੇ ਵੀ ਉਸ ਨੂੰ ਅੱਤ ਉੱਚਿਆਂ ਕੀਤਾ ਅਤੇ ਉਸ ਨੂੰ ਉਹ ਨਾਮ ਦਿੱਤਾ ਜਿਹੜਾ ਸਭਨਾਂ ਨਾਮਾਂ ਤੋਂ ਉੱਤਮ ਹੈ। ਭਈ ਯਿਸੂ ਦਾ ਨਾਮ ਲੈ ਕੇ ਅਕਾਸ਼ ਉਤਲਿਆਂ ਅਤੇ ਧਰਤੀ ਉਤਲਿਆਂ ਅਤੇ ਧਰਤੀ ਦੇ ਹੇਠਲੀਆਂ ਵਿੱਚੋਂ ਹਰ ਗੋਡਾ ਨਿਵਾਇਆ ਜਾਵੇ। ਅਤੇ ਹਰ ਜ਼ਬਾਨ ਪਰਮੇਸ਼ੁਰ ਪਿਤਾ ਦੀ ਵਡਿਆਈ ਲਈ ਮੰਨ ਲਵੇ ਜੋ ਯਿਸੂ ਮਸੀਹ ਪ੍ਰਭੂ ਹੈ!

ਪਰਮੇਸ਼ੁਰ ਨੇ ਸਾਨੂੰ ਸਦੀਪਕ ਜੀਵਨ ਦਿੱਤਾ ਹੈ ਅਤੇ ਇਹ ਸਦੀਪਕ ਜੀਵਨ ਯਿਸੂ ਵਿੱਚ ਹੈ। ਜੋ ਕੋਈ ਵੀ ਯਿਸੂ ਵਿੱਚ ਵਿਸ਼ਵਾਸ ਕਰਦਾ ਹੈ ਉਸ ਕੋਲ ਸਦੀਪਕ ਜੀਵਨ ਹੈ। ਯਿਸੂ ਨੇ ਵਾਅਦਾ ਕੀਤਾ ਹੈ: ਕਿਉਂਕਿ ਜਿੱਥੇ ਦੋ ਜਾਂ ਤਿੰਨ ਮੇਰੇ ਨਾਮ ਵਿੱਚ ਇਕੱਠੇ ਹੁੰਦੇ ਹਨ, ਮੈਂ ਉਨ੍ਹਾਂ ਦੇ ਵਿਚਕਾਰ ਹਾਂ। ਜੇ ਤੁਸੀਂ ਮੇਰੇ ਵਿੱਚ ਰਹਿੰਦੇ ਹੋ, ਅਤੇ ਮੇਰੇ ਬਚਨ ਤੁਹਾਡੇ ਵਿੱਚ ਰਹਿੰਦੇ ਹਨ, ਤਾਂ ਜੋ ਤੁਸੀਂ ਚਾਹੋ ਮੰਗੋ ਅਤੇ ਇਹ ਤੁਹਾਡੇ ਲਈ ਕੀਤਾ ਜਾਵੇਗਾ। ਇਸ ਲਈ ਇਹ ਵਿਸ਼ਵਾਸ ਕਰਨਾ ਭਰੋਸੇਯੋਗ ਹੈ ਕਿ ਯਿਸੂ ਪਾਪੀਆਂ ਨੂੰ ਛੁਡਾਉਣ ਲਈ ਇਸ ਜਗਤ ਵਿੱਚ ਆਇਆ ਸੀ। ਉਹ ਲੋਕਾਂ ਨੂੰ ਪਾਪ ਦੇ ਬੰਧਨ ਤੋਂ ਛੁਟਕਾਰਾ ਦੇਵੇਗਾ ਅਤੇ ਉਨ੍ਹਾਂ ਦੀ ਰੱਖਿਆ ਕਰੇਗਾ।

ਉਹ ਬੱਕਰਿਆਂ ਅਤੇ ਵੱਛਿਆਂ ਦੇ ਲਹੂ ਦੇ ਰਾਹੀਂ ਨਹੀਂ ਸਗੋਂ ਆਪਣੇ ਹੀ ਲਹੂ ਦੇ ਰਾਹੀਂ ਪਵਿੱਤਰ ਅਸਥਾਨਾਂ ਦੇ ਅੰਦਰ ਸਦੀਪਕ ਨਿਸਤਾਰਾ (ਮੁਕਤੀ) ਕਮਾ ਕੇ ਇੱਕੋ ਵਾਰ ਅੰਦਰ ਗਿਆ। ਅਤੇ ਇਸ ਦੁਆਰਾ ਅਸੀਂ ਯਿਸੂ ਮਸੀਹ ਦੇ ਸਰੀਰ ਦੀ ਕੁਰਬਾਨੀ ਦੁਆਰਾ ਹਮੇਸ਼ਾ ਲਈ ਪਵਿੱਤਰ ਕੀਤੇ ਗਏ ਹਾਂ।

(ਉੱਪਰ ਦਿੱਤੇ ਗਏ ਹਵਾਲੇ ਪਵਿੱਤਰ ਬਾਈਬਲ ਵਿੱਚੋਂ ਹਨ)

**ਪਵਿੱਤਰ ਬਾਈਬਲ ਵਿੱਚ ਹੇਠ ਲਿਖੇ ਗਵਾਹ ਗਵਾਹੀ ਦਿੰਦੇ ਹਨ ਕਿ ਯਿਸੂ ਮਸੀਹ ਸੱਚਮੁੱਚ 'ਪਰਮੇਸ਼ੁਰ ਦਾ ਪੁੱਤਰ' ਹੈ:**

➢ ਪਰਮੇਸ਼ੁਰ ਨੇ ਖੁਦ ਕਿਹਾ:

**1. "ਇਹ ਮੇਰਾ ਪਿਆਰਾ ਪੁੱਤ੍ਰ ਹੈ ਜਿਸ ਤੋਂ ਮੈਂ ਪਰਸਿੰਨ ਹਾਂ।"**

(ਮੱਤੀ 3:17)

➢ ਯਿਸੂ ਦੇ ਇੱਕ ਚੇਲੇ, ਪਤਰਸ ਨੇ ਕਿਹਾ:

**2. "ਤੂੰ ਮਸੀਹ ਜੀਉਂਦੇ ਪਰਮੇਸ਼ੁਰ ਦਾ ਪੁੱਤ੍ਰ ਹੈਂ।"** (ਮੱਤੀ 16:16)

➢ ਸਲੀਬ ਦੇ ਨੇੜੇ ਮੌਜੂਦ ਸੂਬੇਦਾਰ ਨੇ ਕਿਹਾ:

**3. "ਇਹ ਸੱਚ ਮੁੱਚ ਪਰਮੇਸ਼ੁਰ ਦਾ ਪੁੱਤ੍ਰ ਸੀ!"** (ਮੱਤੀ 27:54)

➢ ਯਿਸੂ ਦੇ ਬਾਰਾਂ ਚੇਲਿਆਂ ਵਿੱਚੋਂ ਇੱਕ ਥੋਮਾ (ਜਿਸ ਨੇ ਬਾਅਦ ਵਿੱਚ ਭਾਰਤ ਵਿੱਚ ਪਰਚਾਰ ਕੀਤਾ), ਜੀ ਉੱਠੇ ਯਿਸੂ ਨੂੰ ਵੇਖ ਕੇ ਕਿਹਾ:

**4. "ਹੇ ਮੇਰੇ ਪ੍ਰਭੂ ਅਤੇ ਮੇਰੇ ਪਰਮੇਸ਼ੁਰ!"** (ਯੂਹੰਨਾ 20:28)

➢ ਯਿਸੂ ਮਸੀਹ ਨੇ ਖੁਦ ਕਿਹਾ:

**5. "ਜਿਨ ਮੈਨੂੰ ਵੇਖਿਆ ਓਨ ਪਿਤਾ (ਪਰਮੇਸ਼ੁਰ) ਨੂੰ ਵੇਖਿਆ ਹੈ। ਮੈਂ ਪਿਤਾ ਵਿੱਚ ਅਰ ਪਿਤਾ (ਪਰਮੇਸ਼ੁਰ) ਮੇਰੇ ਵਿੱਚ ਹੈ।"**

(ਯੂਹੰਨਾ 14:8-10)

➢ **ਜਦੋਂ ਵੀ ਦੁਸ਼ਟ ਆਤਮਾਵਾਂ ਨੇ ਯਿਸੂ ਨੂੰ ਵੇਖਿਆ, ਉਨ੍ਹਾਂ ਉਸ ਦੇ ਅੱਗੇ ਮੱਥਾ ਟੇਕਿਆ ਅਤੇ ਇਕਰਾਰ ਕੀਤਾ:**

6. "ਤੂੰ ਪਰਮੇਸ਼ੁਰ ਦਾ ਪੁੱਤ੍ਰ ਹੈ!" (ਮਰਕੁਸ 3:11)

# 4. ਪਰਮੇਸ਼ੁਰ ਦੀ ਦਯਾ

**ਭਗਵਤ ਗੀਤਾ ਦੇ ਗਿਆਨ ਯੋਗ ਦਾ ਅਧਿਆਇ 8**
**ਉਸ ਦਾ ਸ਼ਲੋਕ 4 ਇਹ ਕਿਹੰਦਾ ਹੈ:**

**परित्राणाय साधूनां विनाशाय च दुष्कृताम् ।**

**धर्मसंस्थापनार्थाय सम्भवामि युगे युगे ॥**

***paritrāṇāya sādhūnāḿ vināśāya cha duṣkṛtām |***

***dharmasaḿsthāpanārthāya sambhavāmi yuge yuge ||***



**ਅਰਥ:** "ਇਸ ਦਾ ਅਰਥ ਹੈ ਕਿ ਮੈਂ ਦੁਸ਼ਟ ਲੋਕਾਂ ਦਾ ਨਾਸ ਕਰਨ, ਧਰਮੀ ਲੋਕਾਂ ਨੂੰ ਬਚਾਉਣ ਅਤੇ ਹਰ ਯੁੱਗ ਵਿੱਚ ਧਰਮ (ਧਾਰਿਮਕਤਾ) ਦੀ ਸਥਾਪਨਾ ਕਰਨ ਦੇ ਲਈ ਖੁਦ (ਈਸ਼ਵਰ) ਅਵਤਾਰ ਲਵਾਂਗਾ।"

ਜੇ ਅਜਿਹਾ ਹੁੰਦਾ ਹੈ, ਕਿਉਂਕਿ ਹਰ ਕਿਸੇ ਵਿੱਚ ਪਾਪ ਦਾ ਤੱਤ ਹੁੰਦਾ ਹੈ, ਹਰ ਕੋਈ ਨਾਸ ਹੋਣ ਦਾ ਹੱਕਦਾਰ ਸੀ। ਪਰ ਪਰਮੇਸ਼ੁਰ ਪਿਆਰ ਕਰਨ ਵਾਲਾ ਅਤੇ ਦਿਆਲੂ ਹੈ। ਇਸ ਸੰਬੰਧ ਵਿੱਚ, ਪਵਿੱਤਰ ਕੁਰਾਨ ਪਰਮੇਸ਼ੁਰ ਦੇ ਵਰਣਨ ਨਾਲ ਸ਼ੁਰੂ ਹੁੰਦਾ ਹੈ - ਅੱਲ੍ਹਾ ਦੇ ਨਾਮ ਵਿੱਚ, ਸਭ ਤੋਂ ਵੱਧ ਦਿਆਲੂ ਅਤੇ ਕਿਰਪਾਲੂ। ਪਵਿੱਤਰ ਬਾਈਬਲ ਵਿੱਚ ਵੀ ਪਰਮੇਸ਼ੁਰ ਨੇ ਕਿਹਾ, "ਦੁਸ਼ਟ ਦੀ ਮੌਤ ਵਿੱਚ ਮੈਨੂੰ ਕੋਈ ਖੁਸ਼ੀ ਨਹੀਂ ਹੈ, ਸਗੋਂ ਇਸ ਵਿੱਚ ਹੈ ਕਿ ਦੁਸ਼ਟ ਆਪਣੀ ਰਾਹ ਤੋਂ ਮੁੜੇ ਅਤੇ ਜੀਉਂਦਾ ਰਹੇ।" ਜੇ ਪਰਮੇਸ਼ੁਰ ਨੇ ਸਾਡੇ ਗੁਨਾਹਾਂ ਅਨੁਸਾਰ ਸਜ਼ਾ ਦੇਣੀ ਹੁੰਦੀ, ਤਾਂ ਅਸੀਂ ਅੱਜ ਤੱਕ ਬਚੇ ਨਾ ਹੁੰਦੇ। ਪ੍ਰਭੂ ਦਾ ਅਟੱਲ ਪਿਆਰ ਕਦੇ ਨਹੀਂ ਮੁੱਕਦਾ; ਉਸ ਦੀ ਦਯਾ ਕਦੇ ਖਤਮ ਨਹੀਂ ਹੁੰਦੀ।

ਯਿਸੂ ਨੇ ਇਹ ਦ੍ਰਿਸ਼ਟਾਂਤ ਦਿੱਤਾ, ਦੋ ਮਨੁੱਖ ਪ੍ਰਾਰਥਨਾ ਕਰਨ ਲਈ ਹੈਕਲ ਵਿੱਚ ਆਏ, ਇੱਕ ਫ਼ਰੀਸੀ ਅਤੇ ਦੂਆ ਮਸੂਲੀਆ। ਫ਼ਰੀਸੀ ਨੇ ਖਲੋ ਕੇ ਆਪਣੇ ਜੀ ਵਿੱਚ ਇਉਂ ਪ੍ਰਾਰਥਨਾ ਕੀਤੀ ਕਿ 'ਹੇ ਪਰਮੇਸ਼ੁਰ ਮੈਂ ਤੇਰਾ ਸ਼ੁਕਰ ਕਰਦਾ ਹਾਂ ਭਈ ਮੈਂ ਹੋਰਨਾਂ ਵਾਂਙੁ ਨਹੀਂ ਹਾਂ ਜੋ ਲੁਟੇਰੇ, ਕੁਧਰਮੀ ਅਤੇ ਜ਼ਨਾਹਕਾਰ ਹਨ ਅਤੇ ਨਾ ਇਸ ਮਸੂਲੀਏ ਵਰਗਾ ਹਾਂ! ਮੈਂ ਸਾਤੇ ਵਿੱਚ ਦੋ ਵਾਰੀ ਵਰਤ ਰੱਖਦਾ ਹਾਂ ਅਤੇ ਆਪਣੀ ਸਾਰੀ ਕਮਾਈ ਵਿੱਚੋਂ ਦਸੌਂਧ ਦਿੰਦਾ ਹਾਂ।' ਪਰ ਉਸ ਮਸੂਲੀਏ ਨੇ ਕੁਝ ਫ਼ਰਕ ਨਾਲ ਖੜੋ ਕੇ ਐੱਨਾ ਵੀ ਨਾ ਚਾਹਿਆ ਜੋ ਆਪਣੀਆਂ ਅੱਖੀਆਂ ਅਕਾਸ਼ ਦੀ ਵੱਲ ਚੁੱਕੇ ਸਗੋਂ ਆਪਣੀ ਛਾਤੀ ਪਿੱਟਦਾ ਅਤੇ ਏਹ ਕਹਿੰਦਾ ਸੀ ਕਿ 'ਹੇ ਪਰਮੇਸ਼ੁਰ ਮੈਂ ਪਾਪੀ ਉੱਤੇ ਦਯਾ ਕਰ!' ਇਨ੍ਹਾਂ ਦੋਹਾਂ ਵਿੱਚੋਂ, ਮਸੂਲੀਆ ਧਰਮੀ ਮੰਨਿਆ ਗਿਆ ਸੀ ਅਤੇ ਫ਼ਰੀਸੀ, ਜਿਸ ਨੇ ਆਪਣੇ ਆਪ ਨੂੰ ਉੱਚਾ ਕੀਤਾ ਸੀ, ਬਾਈਬਲ ਕਹਿੰਦੀ ਹੈ ਕਿ ਧਰਮੀ ਨਹੀਂ ਮੰਨਿਆ ਗਿਆ ਸੀ।

**ਸਾਡਾ ਭਾਰਤੀ ਸੰਵਿਧਾਨ ਧਾਰਾ 72 ਅਨੁਸਾਰ ਰਾਸ਼ਟਰਪਤੀ ਨੂੰ ਮੁਆਫੀ ਦੀ ਸਰਵਉੱਚ ਸ਼ਕਤੀ ਪ੍ਰਦਾਨ ਕਰਦਾ ਹੈ ਜਿਵੇਂ ਕਿ ਹੇਠਾਂ ਵਿਖਾਇਆ ਗਿਆ ਹੈ:**

ਰਾਸ਼ਟਰਪਤੀ ਕੋਲ ਕਿਸੇ ਵੀ ਅਪਰਾਧ ਲਈ ਦੋਸ਼ੀ ਠਹਿਰਾਏ ਗਏ ਵਿਅਕਤੀ ਦੀ ਸਜ਼ਾ ਨੂੰ ਮੁਆਫ ਕਰਨ, ਛੋਟ ਦੇਣ, ਰਾਹਤ ਦੇਣ ਜਾਂ ਮਾਫੀ ਦੇਣ ਜਾਂ ਮੁਅੱਤਲ ਕਰਨ, ਮੁਆਫ ਕਰਨ ਜਾਂ ਘਟਾਉਣ ਦੀ ਸ਼ਕਤੀ ਹੋਵੇਗੀ।

ਜੇ ਸਾਡੇ ਦੇਸ਼ ਦੇ ਪਹਿਲੇ ਨਾਗਰਿਕ, ਰਾਸ਼ਟਰਪਤੀ ਕੋਲ ਸਜ਼ਾ ਨੂੰ ਖ਼ਤਮ ਕਰਨ ਦਾ ਅਜਿਹਾ ਸਰਵਉੱਚ ਅਧਿਕਾਰ ਹੈ, ਤਾਂ ਸਾਨੂੰ ਬਣਾਉਣ ਵਾਲੇ ਅਤੇ ਅਕਾਸ਼ ਅਤੇ ਧਰਤੀ ਨੂੰ ਬਣਾਉਣ ਵਾਲੇ ਪਰਮੇਸ਼ੁਰ ਕੋਲ ਕਿੰਨੀ ਜ਼ਿਆਦਾ ਸ਼ਕਤੀ ਅਤੇ ਅਧਿਕਾਰ ਹੋਵੇਗਾ! ਕੀ ਕੋਈ ਉਸ ਦੇ ਫ਼ੈਸਲੇ ਨੂੰ ਚੁਣੌਤੀ ਦੇ ਸਕਦਾ ਹੈ? ਜਾਂ ਕੋਈ ਉਸ ਦੇ ਅਧਿਕਾਰ ਤੋਂ ਇਨਕਾਰ ਕਰ ਸਕਦਾ ਹੈ? ਸੋਚੋ!

ਪਵਿੱਤਰ ਬਾਈਬਲ ਕਹਿੰਦੀ ਹੈ ਕਿ ਯਿਸੂ ਮਸੀਹ ਨੇ, ਪਰਮੇਸ਼ੁਰ ਹੋਣ ਦੇ ਨਾਤੇ, ਸਾਡੇ ਵਿਰੁੱਧ ਲਗਾਏ ਗਏ ਉਸ ਦੋਸ਼ ਨੂੰ ਰੱਦ ਕਰ ਦਿੱਤਾ ਜੋ ਇਸ ਦੀਆਂ ਕਾਨੂੰਨੀ ਮੰਗਾਂ ਨਾਲ ਸਾਡੇ ਵਿਰੁੱਧ ਖੜ੍ਹਾ ਸੀ। ਉਸ ਨੇ ਇਸ ਨੂੰ ਇੱਕ ਪਾਸੇ ਰੱਖ ਦਿੱਤਾ, ਇਸ ਨੂੰ ਸਲੀਬ ਉੱਤੇ ਚੜ੍ਹਾ ਦਿੱਤਾ। ਇਸ ਲਈ ਹੁਣ, ਉਨ੍ਹਾਂ ਲਈ ਕੋਈ ਸਜ਼ਾ ਨਹੀਂ ਜੋ ਮਸੀਹ ਯਿਸੂ ਵਿੱਚ ਹਨ।

## 5. ਵੈਦਿਕ ਕਾਲ ਦੇ ਦੌਰਾਨ ਬਲੀਦਾਨ ਦੀ ਵਿਧੀ

ਪ੍ਰਾਚੀਨ ਵੇਦਾਂ ਵਿੱਚ ਸਾਰੇ ਮਨੁੱਖਾਂ ਦੇ ਪਾਪਾਂ ਦੀ ਮਾਫ਼ੀ ਲਈ ਹੋਮ ਦੀ ਬਲੀ ਵਜੋਂ ਦੇਵਤਿਆਂ ਨੂੰ ਜਾਨਵਰਾਂ ਦੀ ਬਲੀ ਚੜ੍ਹਾਈ ਜਾਂਦੀ ਸੀ। ਯਜੁਰ ਵੇਦ ਵਿੱਚ ਬਲੀ ਕੀਤੇ ਜਾਣ ਵਾਲੇ ਜਾਨਵਰ ਦੀ ਯੋਗਤਾ ਦਾ ਬਹੁਤ ਸਪੱਸ਼ਟ ਰੂਪ ਵਿੱਚ ਜ਼ਿਕਰ ਕੀਤਾ ਗਿਆ ਹੈ। ਉਹ ਹੇਠਾਂ ਦਿੱਤੇ ਅਨੁਸਾਰ ਹਨ।

| **ਹਿੰਦੂ ਧਰਮ ਗ੍ਰੰਥ ਵਿੱਚੋਂ ਹਵਾਲੇ:** | **ਪ੍ਰਭੂ ਯਿਸੂ ਮਸੀਹ ਵਿੱਚ ਉਸ ਦਾ ਪੂਰਾ ਹੋਣਾ** |
|---|---|

पशुं स्नपयन्ति कूटकर्णखण्डश्लोणसप्तशफ वर्जम् ॥

***1. Pashum snapayanthi kutakarnakhandaslona sapthashapha varjam ||***

**ਅਪਸਤੰਬਾ-ਸਰੌਂਤਾ-ਸੂਤਰ**
(= 7-21-1 ਪੰਨਾ ਨੰ : 421)

**ਅਰਥ:** ਜਿਸ ਜਾਨਵਰ ਦੀ ਬਲੀ ਦਿੱਤੀ ਜਾਣੀ ਹੈ, ਉਹ ਬੇਦਾਗ, ਨਿਰਦੋਸ਼ ਅਤੇ ਪਵਿੱਤਰ ਹੋਣਾ ਚਾਹੀਦਾ ਹੈ।

1. ਯਿਸੂ ਪਵਿੱਤਰ, ਨਿਰਦੋਸ਼, ਬੇਦਾਗ, ਪਾਪੀਆਂ ਤੋਂ ਵੱਖ ਕੀਤਾ ਹੋਇਆ ਹੈ। (ਇਬਰਾਨੀਆਂ 7:26)
2. ਯਿਸੂ ਨੇ ਕਿਹਾ, "ਕੌਣ ਤੁਹਾਡੇ ਵਿੱਚੋਂ ਮੇਰੇ ਉੱਤੇ ਗੁਨਾਹ ਸਾਬਤ ਕਰਦਾ ਹੈ?" (ਯੂਹੰਨਾ 8:46)
3. ਉਹ ਸਾਰੇ ਦਾ ਸਾਰਾ ਮਨ ਭਾਉਣਾ ਹੈ। (ਸਰੇਸ਼ਟ ਗੀਤ 5:16)



धर्षा मानुषानिति नि युनक्ति धृत्या अद्भ्यस्त्वौषधीभ्यः ॥

***2. dharṣhā mānuṣhān', iti ni yunakti dhṛtyā ||***

ਤੈਤ੍ਰਿਯਾ-ਸਮਿਹਤਾ
(ਕੰਡਾ 6, ਥ. ਨੰ 3, ਪੰਨਾ ਨੰ : 477)

**ਅਰਥ:** ਜਿਸ ਜਾਨਵਰ ਦੀ ਬਲੀ ਦਿੱਤੀ ਜਾਣੀ ਹੈ, ਉਸ ਨੂੰ ਖੰਭੇ (ਯੂਪਾ) ਨਾਲ ਬੰਨ੍ਹਣਾ ਚਾਹੀਦਾ ਹੈ।

ਉੱਥੇ ਉਨ੍ਹਾਂ ਨੇ ਉਸ ਨੂੰ ਸਲੀਬ ਉੱਤੇ ਟੰਗ ਦਿੱਤਾ। ਪਿਲਾਤੁਸ ਨੇ ਇੱਕ ਪੱਟੀ ਲਿਖਾ ਕੇ ਸਲੀਬ ਉੱਤੇ ਲਾਈ ਜਿਸ ਉੱਤੇ ਲਿਖਿਆ ਸੀ, "ਯਿਸੂ ਨਾਸਰੀ, ਯਹੂਦੀਆਂ ਦਾ ਪਾਤਸ਼ਾਹ।"
(ਯੂਹੰਨਾ 19:18-19)



अमायुं कृण्वन्तं संज्ञपयत इत्युक्त्वा पराङावर्ततेऽध्वर्युः ॥

***3. Amayum krunvantham sangnapayata Ityuktva paradavarthathe dhwaryuhu||***

ਅਪਸਤਾਮਬਾ-ਸਰੌਤਾ-ਸੂਤਰਾ
(=7-16-6, ਪੰਨਾ ਨੰ: 433)

**ਅਰਥ:** ਜਿਸ ਜਾਨਵਰ ਨੂੰ ਬਲੀ ਚੜ੍ਹਾਇਆ ਜਾ ਰਿਹਾ ਹੈ ਉਹ ਸ਼ਾਂਤ ਹੋਣਾ ਚਾਹੀਦਾ ਹੈ ਅਤੇ ਜਾਨਵਰ ਦੀਆਂ ਹੱਡੀਆਂ ਨੂੰ ਤੋੜਿਆ ਨਹੀਂ ਜਾਣਾ ਚਾਹੀਦਾ - ਇਸ ਨੂੰ ਛੇੜਿਆ ਜਾਂ ਤਸੀਹੇ ਨਹੀਂ ਦੇਣਾ ਚਾਹੀਦਾ।

3. ਉਹ ਸਤਾਇਆ ਗਿਆ ਤੇ ਦੁਖੀ ਹੋਇਆ, ਪਰ ਓਸ ਆਪਣਾ ਮੂੰਹ ਨਾ ਖੋਲ੍ਹਿਆ, ਲੇਲੇ ਵਾਂਙੁ ਜਿਹੜਾ ਕੱਟੇ ਜਾਣ ਲਈ ਲੈ ਜਾਇਆ ਜਾਂਦਾ, ਅਤੇ ਭੇਡ ਵਾਂਙੁ ਜਿਹੜੀ ਉੱਨ ਕਤਰਨ ਵਾਲਿਆਂ ਦੇ ਅੱਗੇ ਗੁੰਗੀ ਹੈ, ਸੋ ਓਸ ਆਪਣਾ ਮੂੰਹ ਨਾ ਖੋਲ੍ਹਿਆ।
(ਯਸਾਯਾਹ 53:7)

ਪਰ ਯਿਸੂ ਦੇ ਕੋਲ ਆਣ ਕੇ ਜਾਂ ਉਨ੍ਹਾਂ ਵੇਖਿਆ ਜੋ ਉਹ ਮਰ ਚੁੱਕਿਆ ਹੈ ਤਾਂ ਉਹ ਦੀਆਂ ਲੱਤਾਂ ਨਾ ਤੋੜਿਆਂ।
(ਯੂਹੰਨਾ 19:33)

दधातीडामुप ह्वयते पशवो वा इडा पशूनेवोप ह्वयते ॥

***4. dadhāti iḍām upa hvayate pashavo vā iḍā pashūn eva upa hvayate ||***

ਤੈਤ੍ਰਿਯਾ-ਸਮਿਹਤਾ
(ਕੰਡਾ 6, ਥ. ਨੰ 3, ਪੰਨਾ ਨੰ: 495)

**ਅਰਥ:** ਬਲੀ ਕੀਤੇ ਜਾਣ ਵਾਲੇ ਪਸ਼ੂ ਦਾ ਮਾਸ ਖਾਣਾ ਚਾਹੀਦਾ ਹੈ।

4. ਯਿਸੂ ਨੇ ਰੋਟੀ ਲਈ ਅਤੇ ਬਰਕਤ ਦੇ ਕੇ ਤੋੜੀ ਅਰ ਚੇਲਿਆਂ ਨੂੰ ਦੇ ਕੇ ਆਖਿਆ, "ਲਓ ਖਾਓ, ਇਹ ਮੇਰਾ ਸਰੀਰ ਹੈ।" (ਮੱਤੀ 26:26)

वपाश्रपणी पुनरन्वारभतेऽस्मिन्नेव लोके प्रति तिष्ठति ॥

***5. vapāshrapaṇī punar anvārabhate asminneva loke prati tiṣhṭhati ||***

ਤੈਤ੍ਰਿਯਾ-ਸਮਿਹਤਾ
(ਕੰਡਾ 6, ਥ. ਨੰ 3, ਪੰਨਾ ਨੰ : 486)

**ਅਰਥ:** ਬਲੀ ਕੀਤੇ ਜਾਣ ਵਾਲੇ ਜਾਨਵਰ ਨੂੰ ਕੰਡਿਆਂ ਨਾਲ ਵਿੰਨ੍ਹਿਆ ਜਾਣਾ ਚਾਹੀਦਾ ਹੈ।

5. ਸਿਪਾਹੀਆਂ ਨੇ ਉਹ ਦੇ ਕੱਪੜੇ ਲਾਹ ਕੇ ਕਿਰਮਚੀ ਚੋਗਾ ਉਹ ਨੂੰ ਪੁਆਇਆ ਅਤੇ ਉਨ੍ਹਾਂ ਨੇ ਕੰਡਿਆਂ ਦਾ ਤਾਜ ਗੁੰਦ ਕੇ ਉਹ ਦੇ ਸਿਰ ਉੱਤੇ ਰੱਖਿਆ। (ਮੱਤੀ 27:28-30)

यत्पशुरपां पेरुरसीत्याहैष ह्यपां पाता ॥

***6. yat pashur apām perur asi ityātha eṣha hi apām pātā ||***

ਤੈਤ੍ਰਿਯਾ-ਸਮਿਹਤਾ
(ਕੰਡਾ 6, ਥ. ਨੰ 3, ਪੰਨਾ ਨੰ : 478)

**ਅਰਥ:** ਬਲੀ ਕੀਤੇ ਜਾਣ ਵਾਲੇ ਜਾਨਵਰ ਨੂੰ ਪਾਣੀ ਦੇਣਾ ਚਾਹੀਦਾ ਹੈ।

6. ਇਹ ਦੇ ਪਿੱਛੋਂ ਯਿਸੂ ਨੇ ਇਹ ਜਾਣ ਕੇ ਭਈ ਹੁਣ ਸੱਭੋ ਕੁਝ ਪੂਰਾ ਹੋ ਚੁੱਕਿਆ ਲਿਖਤ ਦੇ ਸੰਪੂਰਣ ਹੋ ਲਈ ਆਖਿਆ, "ਮੈਂ ਤਿਹਾਇਆ ਹਾਂ।" ਉੱਥੇ ਇੱਕ ਭਾਂਡਾ ਸਿਰਕੇ ਦਾ ਭਰਿਆ ਹੋਇਆ ਧਰਿਆ ਸੀ ਸੋ ਉਨ੍ਹਾਂ ਨੇ ਇੱਕ ਸਪੰਜ ਸਿਰਕੇ ਨਾਲ ਭਰਿਆ ਹੋਇਆ ਜੂਫ਼ੇ ਦੀ ਛਿਟੀ ਤੇ ਬੰਨ੍ਹ ਕੇ ਉਹ ਦੇ ਮੂੰਹ ਤਾਈਂ ਪੁਚਾਇਆ। ਸੋ ਜਾਂ ਯਿਸੂ ਨੇ ਸਿਰਕਾ ਲਿਆ ਤਾਂ ਆਖਿਆ, "ਪੂਰਾ ਹੋਇਆ ਹੈ।" ਤਦ ਉਹ ਨੇ ਸਿਰ ਨਿਵਾ ਕੇ ਜਾਨ ਦੇ ਦਿੱਤੀ। (ਯੂਹੰਨਾ 19:28-29)



स आत्मनों वपामुदखिदत्तामग्नौ प्रागृह्णात् ॥

***7. sa ātmano vapām udakkhidat tām agnau prāgṛhṇāt ||***

ਤੈਤ੍ਰਿਯਾ-ਸਮਿਹਤਾ
(ਕੰਡਾ 2, ਪਹਿਲਾ ਅਵਾਥਾਰ, ਦੂਜਾ ਹਨਾਸੁ, ਪੰਨਾ ਨੰ : 3)

**ਅਰਥ:** ਸਿਰਜਣਹਾਰ (ਬ੍ਰਹਮਾ) ਨੇ ਆਪਣਾ ਸਰੀਰ ਬਲੀਦਾਨ ਵਜੋਂ ਭੇਟ ਕੀਤਾ।

7. ਯਿਸੂ ਮਸੀਹ ਬੱਕਰਿਆਂ ਅਤੇ ਵੱਛਿਆਂ ਦੇ ਲਹੂ ਦੇ ਰਾਹੀਂ ਨਹੀਂ ਸਗੋਂ ਆਪਣੇ ਹੀ ਲਹੂ ਦੇ ਰਾਹੀਂ ਪਵਿੱਤਰ ਅਸਥਾਨਾਂ ਦੇ ਅੰਦਰ ਸਦੀਪਕ ਨਿਸਤਾਰਾ ਕਮਾ ਕੇ ਇੱਕੋ ਵਾਰ ਅੰਦਰ ਗਿਆ। ਮਸੀਹ ਦਾ ਲਹੂ ਜਿਹ ਨੇ ਸਦੀਪਕ ਆਤਮਾ ਦੇ ਰਾਹੀਂ ਆਪਣੇ ਆਪ ਨੂੰ ਦੋਸ਼ ਰਹਿਤ ਪਰਮੇਸ਼ੁਰ ਦੇ ਅੱਗੇ ਚੜ੍ਹਾਇਆ ਤੁਹਾਡੇ ਅੰਤਹਕਰਨ ਨੂੰ ਮੁਰਦਿਆਂ ਕੰਮਾਂ ਤੋਂ ਸ਼ੁੱਧ ਕਰੇਗਾ ਭਈ ਤੁਸੀਂ ਜੀਉਂਦੇ ਪਰਮੇਸ਼ੁਰ ਦੀ ਉਪਸਨਾ ਕਰੋ। (ਇਬਰਾਨੀਆਂ 9:12-14)

***ਪਿਆਰੇ ਪਾਠਕੋ, ਕੀ ਸਾਨੂੰ ਵੈਦਿਕ ਯੁੱਗ ਵਿੱਚ ਪਾਪਾਂ ਦੀ ਕੁਰਬਾਨੀ ਲਈ ਪਸ਼ੂ ਬਲੀਦਾਨ ਅਤੇ ਯਿਸੂ ਮਸੀਹ ਦੁਆਰਾ ਆਪਣੇ ਆਪ ਨੂੰ ਸਾਡੇ ਪਾਪਾਂ ਲਈ ਬਲੀਦਾਨ ਵਜੋਂ ਪੇਸ਼ ਕਰਨ ਵਿੱਚ ਪੂਰੀ ਸਮਾਨਤਾ ਨਹੀਂ ਮਿਲਦੀ?***

## 6. ਯਿਸੂ ਮਸੀਹ ਦਾ ਜੀ ਉੱਠਣਾ ਅਤੇ ਸਵਰਗ ਉੱਪਰ ਉਠਾਇਆ ਜਾਣਾ

ਹਫ਼ਤੇ ਦੇ ਪਹਿਲੇ ਦਿਨ, ਕੁਝ ਔਰਤਾਂ ਉਸ ਕਬਰ ਤੇ ਆਈਆਂ ਜਿੱਥੇ ਯਿਸੂ ਦੀ ਲੋਥ ਰੱਖੀ ਗਈ ਸੀ। ਅਰ ਵੇਖੋ ਇੱਕ ਵੱਡਾ ਭੁਚਾਲ ਆਇਆ ਇਸ ਲਈ ਜੋ ਪ੍ਰਭੂ ਦਾ ਦੂਤ ਅਕਾਸ਼ੋਂ ਉੱਤਰਿਆ ਅਰ ਨੇੜੇ ਆਣ ਕੇ ਉਸ ਪੱਥਰ ਨੂੰ ਰੇੜ੍ਹ ਕੇ ਲਾਂਭੇ ਕਰ ਦਿੱਤਾ ਅਰ ਉਸ ਉੱਤੇ ਬਹਿ ਗਿਆ। ਦੂਤ ਨੇ ਉਨ੍ਹਾਂ ਨੂੰ ਕਿਹਾ, "ਤੁਸੀਂ ਨਾ ਡਰੋ ਕਿਉਂਕਿ ਮੈਂ ਜਾਣਦਾ ਹਾਂ ਜੋ ਤੁਸੀਂ ਯਿਸੂ ਨੂੰ ਜਿਹੜਾ ਸਲੀਬ ਉੱਤੇ ਚੜ੍ਹਾਇਆ ਗਿਆ ਸੀ ਭਾਲਦੀਆਂ ਹੋ ਉਹ ਐਥੇ ਹੈ ਨਹੀਂ ਕਿਉਂਕਿ ਜਿਵੇਂ ਉਸ ਨੇ ਕਿਹਾ ਸੀ ਉਹ ਜੀ ਉੱਠਿਆ ਹੈ। ਆਓ ਇਹ ਥਾਂ ਵੇਖੋ ਜਿੱਥੇ ਪ੍ਰਭੂ ਪਿਆ ਹੋਇਆ ਸੀ।" ਫਿਰ ਅਗਲੇ ਦਿਨ ਯਿਸੂ ਚੇਲਿਆਂ ਕੋਲ ਪ੍ਰਗਟ ਹੋਇਆ ਅਤੇ ਕਿਹਾ, "ਤੁਹਾਡੀ ਸ਼ਾਂਤੀ ਹੋਵੇ।" ਚੇਲੇ ਅੱਗੇ ਆਏ ਅਤੇ ਉਸ ਦੇ ਪੈਰਾਂ ਤੇ ਡਿੱਗ ਪਏ। ਉਸੇ ਦਿਨ ਯਿਸੂ ਆਪਣੇ ਦੂਜੇ ਚੇਲਿਆਂ ਨੂੰ ਪ੍ਰਗਟ ਹੋਇਆ। ਉਸ ਸਮੇਂ, ਯਿਸੂ ਦੇ ਬਾਰਾਂ ਚੇਲਿਆਂ ਵਿੱਚੋਂ ਇੱਕ ਥੋਮਾ ਉੱਥੇ ਨਹੀਂ ਸੀ। ਇਸ ਲਈ ਉਸ ਨੇ ਦੂਜੇ ਚੇਲਿਆਂ ਨੂੰ

ਕਿਹਾ, "ਜਿੰਨਾ ਚਿਰ ਮੈਂ ਉਹ ਦੇ ਹੱਥਾਂ ਵਿੱਚ ਕਿੱਲਾਂ ਦਾ ਨਿਸ਼ਾਨ ਨਾ ਵੇਖਾਂ ਅਤੇ ਕਿੱਲਾਂ ਦੇ ਨਿਸ਼ਾਨ ਵਿੱਚ ਆਪਣੀ ਉਂਗਲ ਨਾ ਵਾੜਾਂ ਅਰ ਉਹ ਦੀ ਵੱਖੀ ਵਿੱਚ ਆਪਣਾ ਹੱਥ ਨਾ ਵਾੜਾਂ ਉੱਨਾ ਚਿਰ ਮੈਂ ਕਦੇ ਸਤ ਨਾ ਮੰਨਾਂਗਾ।" ਅੱਠਾਂ ਦਿਨਾਂ ਪਿੱਛੋਂ ਉਹ ਦੇ ਚੇਲੇ ਫੇਰ ਅੰਦਰ ਸਨ ਅਤੇ ਥੋਮਾ ਉਨ੍ਹਾਂ ਦੇ ਨਾਲ ਸੀ। ਬੂਹੇ ਵੱਜੇ ਹੋਏ ਯਿਸੂ ਆਇਆ ਅਤੇ ਵਿਚਕਾਰ ਖਲੋ ਕੇ ਬੋਲਿਆ, "ਤੁਹਾਡੀ ਸ਼ਾਂਤੀ ਹੋਵੇ।" ਫੇਰ ਉਹ ਨੇ ਥੋਮਾ ਨੂੰ ਆਖਿਆ, "ਆਪਣੀ ਉਂਗਲ ਉਰੇ ਕਰ ਅਤੇ ਮੇਰੇ ਹੱਥਾਂ ਨੂੰ ਵੇਖ ਅਰ ਆਪਣਾ ਹੱਥ ਉਰੇ ਕਰ ਕੇ ਮੇਰੀ ਵੱਖੀ ਵਿੱਚ ਵਾੜ ਅਤੇ ਬੇਪਰਤੀਤਾ ਨਾ ਹੋ ਸਗੋਂ ਪਰਤੀਤਮਾਨ ਹੋ।" ਥੋਮਾ ਨੇ ਉਹ ਨੂੰ ਉੱਤਰ ਦਿੱਤਾ, "ਹੇ ਮੇਰੇ ਪ੍ਰਭੂ ਅਤੇ ਮੇਰੇ ਪਰਮੇਸ਼ੁਰ!" ਉਹ ਉਹੀ ਚੇਲਾ ਹੈ ਜੋ ਭਾਰਤ ਆਇਆ ਸੀ। ਯਿਸੂ ਮਸੀਹ ਦਾ ਮਜ਼ਬੂਤ ਗਵਾਹ ਹੋਣ ਦੇ ਨਾਤੇ, ਉਸ ਨੇ ਕੇਰਲਾ ਅਤੇ ਤਾਮਿਲਨਾਡੂ ਵਿੱਚ ਯਿਸੂ ਮਸੀਹ ਦੀ ਖੁਸ਼ਖ਼ਬਰੀ ਦਾ ਪ੍ਰਚਾਰ ਕੀਤਾ।

ਮਸੀਹ ਮੁਰਦਿਆਂ ਵਿੱਚੋਂ ਜੀ ਉੱਠਿਆ ਜਿਵੇਂ ਉਸ ਨੇ ਕਿਹਾ ਸੀ ਕਿ ਉਹ ਜੀ ਉੱਠੇਗਾ, ਹਾਲਾਂਕਿ ਰੋਮੀ ਸਰਕਾਰ ਨੇ ਕਬਰ ਦੇ ਮੂੰਹ ਅੱਗੇ ਲੱਗੇ ਪੱਥਰ ਨੂੰ ਸੀਲ ਕਰ ਦਿੱਤਾ ਸੀ। ਉਹ ਕਬਰ ਜਿੱਥੇ ਮਸੀਹ ਦੀ ਲੋਥ ਰੱਖੀ ਗਈ ਸੀ, ਹੁਣ ਯਰੂਸ਼ਲਮ ਵਿੱਚ ਲੋਕਾਂ ਦੇ ਵੇਖਣ ਲਈ ਖੁੱਲ੍ਹੀ ਹੈ। ਮਸੀਹ ਦਾ ਸਰੀਰ ਉੱਥੇ ਨਹੀਂ ਹੈ। ਕਿਉਂਕਿ ਯਿਸੂ ਮਸੀਹ ਮੁਰਦਿਆਂ ਵਿੱਚੋਂ ਜੀ ਉੱਠਿਆ ਹੈ। ਜੀ ਉੱਠਿਆ ਯਿਸੂ ਚਾਲੀ ਦਿਨਾਂ ਦੇ ਸਮੇਂ ਦੌਰਾਨ ਵੱਖੋ-ਵੱਖ ਥਾਵਾਂ ਤੇ ਗਿਆਰਾਂ ਵਾਰ ਆਪਣੇ ਚੇਲਿਆਂ ਕੋਲ ਪ੍ਰਗਟ ਹੋਇਆ। ਸਵਰਗ ਨੂੰ ਉਠਾਏ ਜਾਣ ਤੋਂ ਪਹਿਲਾਂ, ਯਿਸੂ ਨੇ ਉਨ੍ਹਾਂ ਨੂੰ ਕਿਹਾ, "ਅਕਾਸ਼ ਅਤੇ ਧਰਤੀ ਦਾ ਸਾਰਾ ਇਖ਼ਤਿਆਰ ਮੈਨੂੰ ਦਿੱਤਾ ਗਿਆ ਹੈ।" ਤੁਸੀਂ ਸਾਰੇ ਜਗਤ ਵਿੱਚ ਜਾ ਕੇ ਸਰਬੱਤ ਸਰਿਸ਼ਟ ਦੇ ਸਾਹਮਣੇ ਖੁਸ਼ਖ਼ਬਰੀ ਦਾ ਪਰਚਾਰ ਕਰੋ। ਜਿਹੜਾ ਨਿਹਚਾ ਕਰੇ ਅਤੇ ਬਪਤਿਸਮਾ ਲਵੇ ਅਤੇ ਉਹ ਬਚਾਇਆ ਜਾਵੇਗਾ ਪਰ ਜਿਹੜਾ ਪਰਤੀਤ ਨਾ ਕਰੇ ਉਸ ਉੱਤੇ ਸਜ਼ਾ ਦਾ ਹੁਕਮ ਕੀਤਾ ਜਾਵੇਗਾ। ਅਤੇ ਨਿਹਚਾ ਕਰਨ ਵਾਲਿਆਂ ਦੇ ਨਾਲ ਨਾਲ ਏਹ ਨਿਸ਼ਾਨ ਹੋਣਗੇ ਜੋ "ਓਹ ਮੇਰਾ ਨਾਮ ਲੈ ਕੇ ਭੂਤਾਂ ਨੂੰ ਕੱਢਣਗੇ, ਓਹ ਨਵੀਆਂ ਨਵੀਆਂ ਬੋਲੀਆਂ ਬੋਲਣਗੇ, ਓਹ ਰੋਗੀਆਂ ਉੱਤੇ ਹੱਥ ਰੱਖਣਗੇ ਤਾਂ ਉਹ ਚੰਗੇ ਹੋ ਜਾਣਗੇ।" ਫਿਰ ਲਗਭਗ ਪੰਜ ਸੌ ਲੋਕਾਂ ਦੀ ਮੌਜੂਦਗੀ ਵਿੱਚ ਉਹ ਸਵਰਗ ਨੂੰ ਚੜ੍ਹ ਗਿਆ ਅਤੇ ਪਿਤਾ ਪਰਮੇਸ਼ੁਰ ਦੇ ਸੱਜੇ ਪਾਸੇ ਜਾ ਬੈਠਾ।

ਇਸ ਤੋਂ ਬਾਅਦ, ਚੇਲੇ ਬਾਹਰ ਗਏ ਅਤੇ ਉਸ ਦੀਆਂ ਸਿੱਖਿਆਵਾਂ ਦਾ ਪਰਚਾਰ ਕੀਤਾ। ਅੱਜ ਦੁਨੀਆਂ ਮਰੇ ਹੋਏ ਯਿਸੂ ਨੂੰ ਨਹੀਂ ਸਗੋਂ ਉਸ ਯਿਸੂ ਨੂੰ ਸਵੀਕਾਰ ਕਰਦੀ ਹੈ ਜੋ ਮੁਰਦਿਆਂ ਵਿੱਚੋਂ ਜੀ ਉੱਠਿਆ ਹੈ ਅਤੇ ਹਮੇਸ਼ਾ ਲਈ ਜਿਉਂਦਾ ਹੈ।



## 7. ਯਿਸੂ ਮਸੀਹ ਦੁਬਾਰਾ ਆਵੇਗਾ

ਜਦੋਂ ਯਿਸੂ ਸਵਰਗ ਨੂੰ ਚੜ੍ਹ ਗਿਆ ਤਾਂ ਦੂਤਾਂ ਨੇ ਚੇਲਿਆਂ ਨੂੰ ਕਿਹਾ, "ਹੇ ਗਲੀਲੀ ਪੁਰਖੋ, ਤੁਸੀਂ ਕਿਉਂ ਖੜੇ ਅਕਾਸ਼ ਦੀ ਵੱਲ ਵੇਖਦੇ ਹੋ? ਇਹ ਯਿਸੂ ਜਿਹੜਾ ਤੁਹਾਡੇ ਕੋਲੋਂ ਅਕਾਸ਼ ਉੱਪਰ ਉਠਾ ਲਿਆ ਗਿਆ ਉਸੇ ਤਰਾਂ ਆਵੇਗਾ ਜਿਸ ਤਰਾਂ ਤੁਸਾਂ ਉਸ ਨੂੰ ਅਕਾਸ਼ ਉੱਤੇ ਜਾਂਦੇ ਵੇਖਿਆ।" (ਰਸੂਲਾਂ ਦੇ ਕਰਤੱਬ 1:11)

"ਇਸ ਲਈ ਜੋ ਪ੍ਰਭੂ ਆਪ ਲਲਕਾਰੇ ਨਾਲ, ਮਹਾਂ ਦੂਤ ਦੀ ਅਵਾਜ਼ ਨਾਲ ਅਤੇ ਪਰਮੇਸ਼ੁਰ ਦੀ ਤੁਰ੍ਹੀ ਨਾਲ ਸੁਰਗ ਤੋਂ ਉਤਰੇਗਾ ਅਤੇ ਜਿਹੜੇ ਮਸੀਹ ਵਿੱਚ ਹੋ ਕੇ ਮੋਏ ਹਨ ਓਹ ਪਹਿਲਾਂ ਜੀ ਉੱਠਣਗੇ। ਤਦ ਅਸੀਂ ਜਿਹੜੇ ਜੀਉਂਦੇ ਅਤੇ ਬਾਕੀ ਰਹਿੰਦੇ ਹਾਂ ਓਹਨਾਂ ਦੇ ਨਾਲ ਹੀ ਹਵਾ ਵਿੱਚ ਪ੍ਰਭੂ ਦੇ ਮਿਲਣ ਨੂੰ ਬੱਦਲਾਂ ਉੱਤੇ ਅਚਾਨਕ ਉਠਾਏ ਜਾਵਾਂਗੇ ਅਤੇ ਇਸੇ ਤਰਾਂ ਅਸੀਂ ਸਦਾ ਪ੍ਰਭੂ ਦੇ ਸੰਗ ਰਹਾਂਗੇ।"

(1 ਥੱਸਲੁਨੀਕੀਆਂ 4:16-17)

"ਵੇਖ, ਮੈਂ ਛੇਤੀ ਆਉਂਦਾ ਹਾਂ ਅਤੇ ਫਲ ਮੇਰੇ ਕੋਲ ਹੈ ਭਈ ਮੈਂ ਹਰੇਕ ਨੂੰ ਜਿਹਾ ਜਿਸ ਦਾ ਕੰਮ ਹੈ ਤਿਹਾ ਉਹ ਨੂੰ ਬਦਲਾ ਦਿਆਂ।" ਜਿਸ ਨੂੰ ਮੌਤ ਅਤੇ ਪਤਾਲ ਦੀਆਂ ਕੁੰਜੀਆਂ ਦਿੱਤੀਆਂ ਗਈਆਂ ਹਨ। (ਪਰਕਾਸ਼ ਦੀ ਪੋਥੀ 1:18, 22:12)

ਧੰਨ ਓਹ ਜਿਹੜੇ ਆਪਣੇ ਬਸਤ੍ਰ ਧੋ ਲੈਂਦੇ ਹਨ ਭਈ ਓਹਨਾਂ ਨੂੰ ਜੀਵਨ ਦੇ ਬਿਰਛ ਦੇ ਉੱਤੇ ਹੱਕ ਹੋਵੇ ਅਤੇ ਓਹ ਦਰਵੱਜਿਆਂ ਥਾਣੀਂ ਓਸ ਨਗਰੀ (ਸਵਰਗ) ਦੇ ਅੰਦਰ ਜਾਣ।

(ਪਰਕਾਸ਼ ਦੀ ਪੋਥੀ 22:14)

"ਖਬਰਦਾਰ ਰਹੋ ਭਈ ਹੱਦੋਂ ਬਾਹਰ ਖਾਣ ਪੀਣ ਅਤੇ ਮਤਵਾਲੇ ਹੋਣ ਨਾਲ ਅਤੇ ਸੰਸਾਰ ਦੀਆਂ ਚਿੰਤਾਂ ਦੇ ਕਾਰਨ ਤੁਹਾਡੇ ਮਨ ਕਿਤੇ ਭਾਰੀ ਨਾ ਹੋ ਜਾਣ ਅਤੇ ਉਹ ਦਿਨ ਫਾਹੀ ਵਾਂਙੁ ਤੁਹਾਡੇ ਉੱਤੇ ਅਚਾਨਕ ਆ ਪਵੇ! ਕਿਉਂ ਜੋ ਉਹ ਸਾਰੀ ਧਰਤੀ ਦਿਆਂ ਸਭਨਾਂ ਰਹਿਣ ਵਾਲਿਆਂ ਉੱਤੇ ਆਵੇਗਾ। ਪਰ ਬੇਨਤੀ ਕਰਦਿਆਂ ਹਰ ਵੇਲੇ ਜਾਗਦੇ ਰਹੋ ਭਈ ਤੁਸੀਂ ਉਨ੍ਹਾਂ ਸਭਨਾਂ ਗੱਲਾਂ ਤੋਂ ਜਿਹੜੀਆਂ ਹੋਣ ਵਾਲੀਆਂ ਹਨ ਬਚ ਸੱਕੋ ਅਤੇ ਮਨੁੱਖ ਦੇ ਪੁੱਤ੍ਰ ਦੇ ਸਾਹਮਣੇ ਖੜੇ ਹੋ ਸੱਕੋ।" (ਲੂਕਾ 21:34-36)

### ਯਿਸੂ ਮਸੀਹ ਬਾਰੇ, ਪੈਗੰਬਰ ਮੁਹੰਮਦ ਨੇ ਇਸ ਤਰ੍ਹਾਂ ਕਿਹਾ:



ਜਿਹੜਾ ਵਿਅਕਤੀ ਇਹ ਨਹੀਂ ਮੰਨਦਾ ਕਿ ਯਿਸੂ ਪਰਮੇਸ਼ੁਰ ਦਾ ਦੂਤ ਹੈ, ਉਸ ਨੂੰ ਮੁਸਲਮਾਨ ਨਹੀਂ ਮੰਨਿਆ ਜਾ ਸਕਦਾ ਅਤੇ ਜੋ ਉਸ ਦੀ ਭਵਿੱਖਬਾਣੀ ਨੂੰ ਮੰਨਣ ਤੋਂ ਇਨਕਾਰ ਕਰਦਾ ਹੈ, ਉਹ ਇਸਲਾਮ ਤੋਂ ਬਾਹਰ ਕੱਢਿਆ ਜਾਵੇਗਾ।

ਪਵਿੱਤਰ ਕੁਰਾਨ ਵਿੱਚ ਬਹੁਤ ਸਾਰੇ ਨਾਵਾਂ ਵਿੱਚੋਂ ਇੱਕੋ ਇੱਕ ਔਰਤ ਦਾ ਨਾਮ ਯਿਸੂ ਦੀ ਮਾਂ ਮਰੀਅਮ (ਮਰਿਯਮ) ਦਾ

ਜ਼ਿਕਰ ਕੀਤਾ ਗਿਆ ਹੈ। ਪਵਿੱਤਰ ਕੁਰਾਨ ਨੇ ਮਾਂ ਮਰਿਯਮ ਦਾ ਜੀਵਨ ਚਿੱਤਰ ਇਸ ਸੰਸਾਰ ਨੂੰ ਨਮੂਨੇ ਵਜੋਂ ਪੇਸ਼ ਕੀਤਾ ਹੈ। "ਮੈਂ ਉਸ ਦੀ ਸਹੁੰ ਖਾਂਦਾ ਹਾਂ ਜਿਸ ਦੇ ਹੱਥ ਵਿੱਚ ਮੇਰੀ ਜਾਨ ਹੈ। ਮਾਂ ਮਰੀਅਮ ਦਾ ਪੁੱਤਰ ਨਿਸ਼ਚਤ ਤੌਰ ਤੇ ਤੁਹਾਡੇ ਵਿਚਕਾਰ ਇੱਕ ਧਰਮੀ ਨਿਆਈਂ ਵਜੋਂ ਰਾਜ ਕਰਨ ਲਈ ਉਤਰੇਗਾ। ਜੀ ਉੱਠਣ ਦਾ ਪਲ (ਨਿਆਂ) ਉਦੋਂ ਤੱਕ ਨਹੀਂ ਆ ਸਕਦਾ ਜਦੋਂ ਤੱਕ ਯਿਸੂ ਦੁਬਾਰਾ ਨਹੀਂ ਆਉਂਦਾ।

ਇਸ ਲਈ ਇਹ ਦੱਸਣਾ ਜ਼ਰੂਰੀ ਬਣਦਾ ਹੈ ਕਿ ਪਵਿੱਤਰ ਬਾਈਬਲ ਵਿੱਚ ਦਿੱਤੀਆਂ ਗਈਆਂ ਕਈ ਭਵਿੱਖਬਾਣੀਆਂ ਪੂਰੀਆਂ ਹੋਈਆਂ ਹਨ, ਖਾਸ ਤੌਰ ਤੇ ਇਸਰਾਏਲ ਦੇਸ ਦੀ ਬਹਾਲੀ, ਇਸ ਦਾ ਬੇਮਿਸਾਲ ਵਿਕਾਸ, ਹਮਲਾ ਕਰਨ ਲਈ ਆਲੇ-ਦੁਆਲੇ ਦੇ ਦੁਸ਼ਮਣ - ਇਹ ਸਭ ਕੁਝ ਉਸ ਦੇ ਰਾਜ ਨੂੰ ਸਥਾਪਿਤ ਕਰਨ ਲਈ ਪ੍ਰਭੂ ਯਿਸੂ ਮਸੀਹ ਦੇ ਧਰਤੀ ਉੱਤੇ ਛੇਤੀ ਦੁਬਾਰਾ ਆਉਣ ਵੱਲ ਇਸ਼ਾਰਾ ਕਰਦਾ ਹੈ।

## 8. ਕੌਣ ਸਾਨੂੰ ਪਾਪਾਂ ਤੋਂ ਮੁਕਤ ਕਰ ਸਕਦਾ ਹੈ?

ਪ੍ਰਾਚੀਨ ਸਮੇਂ ਤੋਂ, ਭਾਰਤ ਆਪਣੀ ਸ਼ਾਨਦਾਰ ਸਭਿਆਚਾਰਕ ਵਿਰਾਸਤ ਲਈ ਜਾਣਿਆ ਜਾਂਦਾ ਹੈ। ਸਾਡੇ ਰਿਸ਼ੀ ਮੁਨੀ, ਉੱਘੇ ਚਿੰਤਕ ਅਤੇ ਦਾਰਸ਼ਨਿਕ ਅਸਧਾਰਨ ਤੌਰ ਤੇ ਉੱਤਮ ਸਨ। ਬ੍ਰਹਦਰਣਯਕ ਉਪਨਿਸ਼ਦ 1:3:28 ਵਿੱਚ ਅਰਥਪੂਰਨ ਪ੍ਰਾਰਥਨਾ ਦੀ ਇੱਕ ਅਜਿਹੀ ਉਦਾਹਰਣ ਹੇਠਾਂ ਦਿੱਤੀ ਗਈ ਹੈ -

**असतो मा सद्गमय ।**

**तमसो मा ज्योतिर्गमय ।**

**मृत्योर्मा अमृतं गमय ।**

**ॐ शान्तिः शान्तिः शान्तिः ॥**

***asato mā sadgamaya |***
***tamaso mā jyotir gamaya |***
***mrityormā amritam gamaya |***
***Oṁ śhānti śhānti śhāntiḥ ||***

ਅਰਥ: ਇਸ ਦਾ ਅਰਥ ਇਹ ਹੈ ਕਿ ਮੈਨੂੰ ਝੂਠ ਤੋਂ ਸੱਚਾਈ ਦੀ ਵੱਲ ਲੈ ਚੱਲ; ਮੈਨੂੰ ਹਨੇਰੇ ਤੋਂ ਚਾਨਣ ਦੀ ਵੱਲ ਲੈ ਚੱਲ; ਮੈਨੂੰ ਮੌਤ ਤੋਂ ਅਮਰਤਾ ਦੀ ਵੱਲ ਲੈ ਚੱਲ।
ਓਮ ਸ਼ਾਂਤੀ, ਸ਼ਾਂਤੀ, ਸ਼ਾਂਤੀ

ਯਿਸੂ ਮਸੀਹ ਨੇ ਕਿਹਾ, "ਰਾਹ ਅਤੇ ਸਚਿਆਈ ਅਤੇ ਜੀਉਣ ਮੈਂ ਹਾਂ। ਕੋਈ ਮੇਰੇ ਵਸੀਲੇ ਬਿਨਾ ਪਿਤਾ ਦੇ ਕੋਲ ਨਹੀਂ ਆਉਂਦਾ।"

ਇੱਥੇ, ਕਿਰਪਾ ਕਰਕੇ ਜਾਂਚ ਕਰੋ ਕਿ ਕੀ ਯਿਸੂ ਮਸੀਹ ਜਿਸ ਨੇ ਉਪਰੋਕਤ ਗੱਲ ਕਹੀ ਹੈ ਇੱਕ ਝੂਠਾ, ਧੋਖੇਬਾਜ਼ ਅਤੇ ਪਾਗਲ (ਕਮਲਾ) ਹੈ ਜਾਂ ਕੀ ਉਹ ਸੱਚ ਬੋਲ ਰਿਹਾ ਹੈ? ਤੁਸੀਂ ਖੁਦ ਫ਼ੈਸਲਾ ਕਰੋ। ਜੇ ਤੁਸੀਂ ਉਸ ਨੂੰ ਸੱਚਾ ਸਮਝਦੇ ਹੋ, ਤਾਂ ਤੁਸੀਂ ਉਸ ਨੂੰ ਕਿਸੇ ਵੀ ਕੀਮਤ ਤੇ ਗੁਆ ਨਹੀਂ ਸਕਦੇ।



## 9. ਸਾਨੂੰ ਯਿਸੂ ਦੀਆਂ ਗੱਲਾਂ ਤੇ ਵਿਸ਼ਵਾਸ ਕਿਉਂ ਕਰਨਾ ਚਾਹੀਦਾ ਹੈ?

ਯਿਸੂ ਮਸੀਹ ਇੱਕ ਕਾਲਪਨਿਕ ਵਿਅਕਤੀ ਜਾਂ ਇੱਕ ਕਾਲਪਨਿਕ ਪਾਤਰ ਨਹੀਂ ਹੈ। ਧਰਤੀ ਉੱਤੇ ਉਸ ਦਾ ਜੀਵਨ ਮਨੁੱਖੀ ਇਤਿਹਾਸ ਵਿੱਚ ਪ੍ਰਮਾਣਿਤ ਅਤੇ ਦਰਜ ਹੈ। ਇਸ ਸੰਸਾਰ ਵਿੱਚ ਮੁਕਤੀਦਾਤਾ ਦੇ ਆਉਣ ਬਾਰੇ ਬਹੁਤ ਸਾਰੇ ਇਤਿਹਾਸਕ ਸਬੂਤ ਹਨ; ਕਿ ਉਹ ਏਸ਼ੀਆ ਮਹਾਂਦੀਪ ਵਿੱਚ ਇਸਰਾਏਲ ਦੀ ਧਰਤੀ ਉੱਤੇ ਰਿਹਾ ਸੀ। ਯਿਸੂ ਮਸੀਹ ਨੇ ਲੋਕਾਂ ਦੇ ਪਾਪਾਂ ਦੀ ਮਾਫ਼ੀ ਲਈ ਸਲੀਬ ਉੱਤੇ ਆਪਣਾ ਲਹੂ ਵਹਾਇਆ ਅਤੇ ਤੀਜੇ ਦਿਨ ਉਹ ਦੁਬਾਰਾ ਜੀ ਉੱਠਿਆ ਅਤੇ 40 ਦਿਨਾਂ ਬਾਅਦ ਸਵਰਗ ਵਿੱਚ ਚੜ੍ਹ ਗਿਆ। ਉਸ ਦਾ ਲਹੂ ਨਾਲ ਰੰਗਿਆ ਹੋਇਆ ਕੱਪੜਾ ਅੱਜ ਵੀ ਲੰਡਨ ਦੇ ਅਜਾਇਬ ਘਰ ਵਿੱਚ ਸੁਰੱਖਿਅਤ ਪਿਆ ਹੋਇਆ ਹੈ। ਵਿਗਿਆਨਕ ਜਾਂਚਾਂ ਦੀ ਇੱਕ ਲੜੀ ਤੋਂ ਬਾਅਦ, ਇਹ ਪੁਸ਼ਟੀ ਕੀਤੀ ਗਈ ਹੈ ਕਿ ਇਹ ਕੱਪੜਾ ਯਿਸੂ ਦਾ ਹੀ ਸੀ। ਯਿਸੂ ਦੇ ਬਾਰਾਂ ਚੇਲਿਆਂ ਵਿੱਚੋਂ ਇੱਕ ਚੇਲਾ ਜਿਸ ਦਾ ਨਾਮ ਸੰਤ ਥੋਮਾ ਸੀ, ਭਾਰਤ ਆਇਆ ਸੀ। ਯਿਸੂ ਦੇ ਜਨਮ ਨੇ ਇਤਿਹਾਸ ਨੂੰ ਵੀ ਦੋ ਸਮੇਂ ਅਵਧੀਆਂ ਵਿੱਚ ਵੰਡਿਆ; ਈਸਾ ਪੂਰਵ (ਭਛ) ਅਤੇ ਈਸਵੀ (ਅਧ) ਅਰਥਾਤ ਐਨੋ ਡੋਮਿਨੀ ਜਿਸ ਦਾ ਅਰਥ ਹੈ ਪ੍ਰਭੂ ਦੇ ਸਾਲ ਵਿੱਚ। ਯਿਸੂ ਮਸੀਹ ਸੱਚਮੁੱਚ ਇੱਕ ਵਿਲੱਖਣ ਸ਼ਖਸੀਅਤ ਹੈ ਅਤੇ ਮਨੁੱਖਜਾਤੀ ਦੇ ਇਤਿਹਾਸ ਵਿੱਚ ਉਸ ਦੇ ਵਾਂਗ ਕਿਸੇ ਨੇ ਵੀ ਪ੍ਰਭਾਵਿਤ ਨਹੀਂ ਕੇਤਾ।

**ਹੇਠ ਲਿਖੇ ਕਾਰਣ ਸਾਬਤ ਕਰਦੇ ਹਨ ਕਿ ਯਿਸੂ ਦੀਆਂ ਗੱਲਾਂ ਭਰੋਸੇ ਦੇ ਯੋਗ ਹਨ**

1. ਯਿਸੂ ਸਭ ਤੋਂ ਪਵਿੱਤਰ ਹੈ। (ਵੇਖੋ ਪੰਨਾ ਨੰ: 32)
2. ਯਿਸੂ ਜਿਸ ਤਰ੍ਹਾਂ ਦਾ ਪਰਚਾਰ ਕਰਦਾ ਸੀ ਉਸ ਦੇ ਅਨੁਸਾਰ ਜੀਵਨ ਵੀ ਜੀਇਆ। ਇਸ ਲਈ ਉਸ ਦੀ ਸਿੱਖਿਆ ਸਾਰੇ ਸੰਸਾਰ ਵਿੱਚ ਫੈਲ ਗਈ। (ਵੇਖੋ ਪੰਨਾ ਨੰ: 34)
3. ਯਿਸੂ ਕੋਲ ਕੁਦਰਤ, ਦੁਸ਼ਟ ਆਤਮਾਵਾਂ ਅਤੇ ਮੌਤ ਉੱਤੇ ਸ਼ਕਤੀ ਜਾਂ ਅਧਿਕਾਰ ਹੈ। ਉਸ ਨੇ ਬਹੁਤ ਸਾਰੇ ਚਮਤਕਾਰ, ਚਿੰਨ੍ਹ ਅਤੇ ਅਚੰਭੇ ਕੀਤੇ। (ਵੇਖੋ ਪੰਨਾ ਨੰ. 38)
4. ਯਿਸੂ ਦੀਆਂ ਗੱਲਾਂ ਅਤੇ ਕੰਮ ਅਧਿਕਾਰ ਨਾਲ ਭਰੇ ਹੋਏ ਸਨ। ਸਲੀਬ ਉੱਤੇ ਛੇ ਘੰਟੇ ਦਾ ਦੁੱਖ ਝੱਲਦੇ ਹੋਏ ਵੀ, ਆਪਣੀ ਮਾਨਸਿਕ ਸ਼ਾਂਤੀ ਗੁਆਏ ਬਿਨ੍ਹਾਂ, ਉਸ ਨੇ ਸੱਤ ਸਮਝਦਾਰ ਗੱਲਾਂ ਕਹੀਆਂ ਜੋ ਇੱਕ ਪਾਗਲ ਵਿਅਕਤੀ ਲਈ ਸੰਭਵ ਨਹੀਂ ਸਨ। ਇਸ ਲਈ ਅਸੀਂ ਕਿਸੇ ਵੀ ਕੀਮਤ ਤੇ ਇਹ ਨਹੀਂ ਕਹਿ ਸਕਦੇ ਕਿ ਉਹ ਪਾਗਲ ਹੈ। (ਵੇਖੋ ਪੰਨਾ ਨੰ: 53)
5. ਭਾਵੇਂ ਜੋ ਵੀ ਰੁਕਾਵਟਾਂ, ਸਤਾਵ ਅਤੇ ਵਿਰੋਧਤਾਵਾਂ ਹੋਈਆਂ ਹੋਣ, ਉਸ ਦੀ ਸੇਵਾ ਨਹੀਂ ਰੁਕੀ ਅਤੇ ਨਾ ਹੀ ਕਦੇ ਰੁਕੇਗੀ। (ਵੇਖੋ ਪੰਨਾ ਨੰ. 54)
6. ਮਨੁੱਖ ਪਵਿੱਤਰ ਬਾਈਬਲ ਦੀਆਂ ਸਿੱਖਿਆਵਾਂ ਉੱਤੇ ਵਿਸ਼ਵਾਸ ਕਰਕੇ ਅਤੇ ਉਨ੍ਹਾਂ ਦੀ ਪਾਲਣਾ ਕਰਕੇ ਰੱਬੀ ਗਿਆਨ ਪ੍ਰਾਪਤ ਕਰੇਗਾ। (ਵੇਖੋ ਪੰਨਾ ਨੰ. 69)

## ਪਵਿੱਤਰ ਕੁਰਾਨ ਵਿੱਚੋਂ ਸਬੂਤ:

ਯਿਸੂ ਦੇ ਜਨਮ ਦੇ ਸੰਬੰਧ ਵਿੱਚ, ਪਵਿੱਤਰ ਬਾਈਬਲ ਕਹਿੰਦੀ ਹੈ ਕਿ 'ਵੇਖੋ ਇੱਕ ਕੁਆਰੀ ਗਰਭਵਤੀ ਹੋਵੇਗੀ ਅਤੇ ਇੱਕ ਪੁੱਤਰ ਨੂੰ ਜਨਮ ਦੇਵੇਗੀ' ਇਸੇ ਤਰ੍ਹਾਂ ਪਵਿੱਤਰ ਕੁਰਾਨ ਦੇ ਦਸਤਾਵੇਜ਼ ਹੇਠਾਂ ਦਿੱਤੇ ਅਨੁਸਾਰ ਹਨ:

### 3. Al-i'Imran سُوۡرَةُ آل عِمرَان ٣

45 : (وہ وقت بھی یاد کرنے کے لائق ہے) جب فرشتوں نے (مریم سے کہا)
کہ مریم خدا تم کو اپنی طرف سے ایک فیض کی بشارت دیتا ہے جس کا نام
مسیح (اور مشہور) عیسیٰ ابن مریم ہوگا (اور) جو دنیا اور آخرت میں باآبرو
اور (خدا کے) خاصوں میں سے ہوگا

**ਅਰਥ:** ਇੱਕ ਦੂਤ ਨੇ ਕਿਹਾ, "ਹੇ ਮਰਿਯਮ, ਪਰਮੇਸ਼ੁਰ ਨੇ ਤੈਨੂੰ ਖੁਸ਼ਖ਼ਬਰੀ ਦਿੱਤੀ ਹੈ, ਉਸ ਦਾ ਨਾਮ ਮਰਿਯਮ ਦਾ ਪੁੱਤਰ ਯਿਸੂ ਹੋਵੇਗਾ। ਉਸ ਨੂੰ ਸਵਰਗ ਅਤੇ ਧਰਤੀ ਉੱਤੇ ਉੱਚਾ ਕੀਤਾ ਜਾਵੇਗਾ ਅਤੇ ਉਸ ਨੂੰ ਪਰਮੇਸ਼ੁਰ ਦਾ ਦੂਤ (ਸੰਦੇਸ਼ਵਾਹਕ) ਬਣਾਇਆ ਜਾਵੇਗਾ।"

**47:** مریم نے کہا پروردگار میرے ہاں بچہ کیونکر ہوگا کہ کسی انسان نے
مجھے ہاتھ تک تو لگایا نہیں فرمایا کہ خدا اسی طرح جو چاہتا ہے پیدا کرتا
ہے جب وہ کوئی کام کرنا چاہتا ہے تو ارشاد فرما دیتا ہے کہ ہوجا تو وہ ہو
جاتا ہے

**ਅਰਥ:** ਮਰਿਯਮ ਜਿਸ ਨੇ ਇਹ ਸੁਣਿਆ, ਕਿਹਾ, "ਹੇ ਮੇਰੇ ਪ੍ਰਭੂ, ਇਹ ਕਿਵੇਂ ਹੋਵੇਗਾ; ਮੈਂ ਕੁਆਰੀ ਹਾਂ ਅਤੇ ਕਿਸੇ ਮਰਦ ਨੂੰ ਨਹੀਂ ਜਾਣਦੀ।" ਇਸ ਦੇ ਲਈ ਦੂਤ ਨੇ ਕਿਹਾ, "ਇਹ ਇਸ ਤਰ੍ਹਾਂ ਹੁੰਦਾ ਹੈ, ਜੋ ਕੁਝ ਵੀ ਅੱਲ੍ਹਾ ਚਾਹੁੰਦਾ ਹੈ, ਉਹ ਆਪਣੇ ਬੋਲ ਜਾਂ ਸ਼ਬਦ ਨਾਲ ਹੀ ਪੈਦਾ ਕਰਦਾ ਹੈ 'ਹੋ ਜਾਵੇ' ਅਤੇ ਉਹ ਹੋਂਦ ਵਿੱਚ ਆ ਜਾਂਦੇ ਹਨ।"



49 : اور (عیسیٰ) بنی اسرائیل کی طرف پیغمبر (ہو کر جائیں گے اور کہیں گے)
کہ میں تمہارے پروردگار کی طرف سے نشانی لے کر آیا ہوں وہ یہ کہ
تمہارے سامنے مٹی کی مورت بشکل پرند بناتا ہوں پھر اس میں پھونک
مارتا ہوں تو وہ خدا کے حکم سے (سچ مچ) جانور ہو جاتا ہے اور اندھے
اور ابرص کو تندرست کر دیتا ہوں اور خدا کے حکم سے مردے میں جان
ڈال دیتا ہوں اور جو کچھ تم کھا کر آتے ہو اور جو اپنے گھروں میں جمع کر
رکھتے ہو سب تم کو بتا دیتا ہوں اگر تم صاحب ایمان ہو تو ان باتوں میں
تمہارے لیے (قدرت خدا کی) نشانی ہے

**ਅਰਥ:** ਈਸਾ ਨੇ ਕਿਹਾ ਹੈ – ਮੈਂ ਤੁਹਾਡੇ ਕੋਲ ਤੁਹਾਡੇ ਪ੍ਰਭੂ ਦੇ ਨਿਸ਼ਾਨ ਲੈ ਕੇ ਆਇਆ ਹਾਂ। ਇੱਥੇ ਤੁਹਾਡੇ ਸਾਹਮਣੇ ਮੈਂ ਇੱਕ ਪੰਛੀ ਦੀ ਸ਼ਕਲ ਬਣਾਉਂਦਾ ਹਾਂ ਅਤੇ ਇਸ ਵਿੱਚ ਆਤਮਾ ਦਾ ਸਾਹ ਫੂਕਦਾ ਹਾਂ ਅਤੇ ਇਹ ਇੱਕ ਜੀਵਤ ਪੰਛੀ ਬਣ ਜਾਵੇਗਾ। ਅੱਲ੍ਹਾ ਦੇ ਹੁਕਮ ਤੇ, ਮੈਂ ਅੰਨ੍ਹੇ, ਕੋੜ੍ਹੀ ਨੂੰ ਚੰਗਾ ਕਰ ਦਿਆਂਗਾ ਅਤੇ ਮੁਰਦਿਆਂ ਨੂੰ ਜਿੰਦਾ ਕਰ ਦਿਆਂਗਾ।

55 : اس وقت خدا نے فرمایا کہ عیسیٰ! میں تمہاری دنیا میں رہنے کی مدت پوری
کرکے تم کو اپنی طرف اٹھا لوں گا اور تمہیں کافروں (کی صحبت) سے پاک
کر دوں گا اور جو لوگ تمہاری پیروی کریں گے ان کو کافروں پر قیامت تک
فائق (وغالب) رکھوں گا پھر تم سب میر ے پاس لوٹ کر آؤ گے تو جن باتوں
میں تم اختلاف کرتے تھے اس دن تم میں ان کا فیصلہ کردوں گا

**ਅਰਥ:** ਅੱਲ੍ਹਾ ਨੇ ਕਿਹਾ: ਹੇ ਯਿਸੂ, ਮੈਂ ਤੁਹਾਨੂੰ ਆਪਣੇ ਕੋਲ ਲੈ ਜਾਵਾਂਗਾ। ਮੈਂ ਤੁਹਾਨੂੰ ਉਨ੍ਹਾਂ ਲੋਕਾਂ ਤੋਂ ਪਵਿੱਤਰ ਕਰਾਂਗਾ ਜਿਨ੍ਹਾਂ ਨੇ ਤੁਹਾਨੂੰ ਠੁਕਰਾਇਆ ਹੈ ਅਤੇ ਕਿਆਮਤ ਤੱਕ ਮੈਂ ਉਨ੍ਹਾਂ ਲੋਕਾਂ ਦੀ ਪ੍ਰਸ਼ੰਸਾ ਕਰਾਂਗਾ ਜੋ ਉਨ੍ਹਾਂ ਲੋਕਾਂ ਨੂੰ ਛੱਡ ਜਿਨ੍ਹਾਂ ਨੇ ਤੁਹਾਨੂੰ ਠੁਕਰਾਇਆ ਹੈ ਤੁਹਾਡੇ ਪਿੱਛੇ ਚੱਲਦੇ ਹਨ। ਤੁਹਾਡੇ ਵਿੱਚੋਂ ਹਰ ਇੱਕ ਨੂੰ ਮੇਰੇ ਕੋਲ ਆਉਣਾ ਚਾਹੀਦਾ ਹੈ।

## ਮਹਾਤਮਾ ਗਾਂਧੀ ਜੀ ਦੀ ਗਵਾਹੀ

ਜਦੋਂ ਇੱਕ ਅੰਗਰੇਜ਼ ਨੇ ਮਹਾਤਮਾ ਗਾਂਧੀ ਜੀ ਨੂੰ ਪੁੱਛਿਆ, "ਤੁਹਾਨੂੰ ਭਾਰਤ ਲਈ ਅਜ਼ਾਦੀ ਕਿਵੇਂ ਮਿਲੇਗੀ?" ਉਸ ਨੇ ਸ਼ਾਂਤੀ ਨਾਲ ਪਵਿੱਤਰ ਬਾਈਬਲ ਖੋਲ੍ਹੀ ਅਤੇ ਮੱਤੀ ਅਧਿਆਇ 5 ਦੀਆਂ ਆਇਤਾਂ ਵਿਖਾਈਆਂ ਅਤੇ ਉਸ ਨੂੰ ਪੁੱਛਿਆ; ਕੀ ਤੁਸੀਂ ਨਹੀਂ ਪੜ੍ਹਿਆ "ਧੰਨ ਉਹ ਜਿਹੜੇ ਹਲੀਮ ਹਨ ਕਿਉਂ ਜੋ ਉਹ ਧਰਤੀ ਦੇ ਵਾਰਸ ਹੋਣਗੇ।" ਮੈਂ ਹਲੀਮ ਹੋ ਕੇ ਭਾਰਤ ਨੂੰ ਅਜ਼ਾਦੀ ਕਿਉਂ ਨਹੀਂ ਦਿਵਾ ਸਕਦਾ? ਉਸੇ ਤਰ੍ਹਾਂ ਸਾਡੇ ਦੇਸ਼ ਨੇ ਯਿਸੂ ਦੇ ਵਚਨ ਦੇ ਅਤੇ ਉਨ੍ਹਾਂ ਦੇ ਜੀਵਨ ਵਿੱਚ ਇਸ ਦੀ ਪਾਲਣਾ ਦੇ ਰਾਹੀਂ ਅਜ਼ਾਦੀ ਹਾਸਲ ਕੀਤੀ। ਗਾਂਧੀ ਜੀ ਨੇ ਨਾ ਸਿਰਫ ਬਾਈਬਲ ਦੀਆਂ ਇਨ੍ਹਾਂ ਸਿੱਖਿਆਵਾਂ ਨੂੰ ਆਪਣੇ ਜੀਵਨ ਵਿੱਚ ਅਪਨਾਇਆ, ਸਗੋਂ ਇਸ ਸੱਚਾਈ ਬਾਰੇ ਸਾਡੇ ਦੇਸ਼ ਦੇ ਲੋਕਾਂ ਨੂੰ ਵੀ ਯਕੀਨ ਦਿਵਾਇਆ ਅਤੇ ਜਿੱਤ ਪ੍ਰਾਪਤ ਕੀਤੀ ਜਿਸ ਦੀ ਸਮੁੱਚੀ ਮਨੁੱਖਜਾਤੀ ਪ੍ਰਸ਼ੰਸਾ ਕਰਦੀ ਹੈ। ਨਹੀਂ ਤਾਂ, ਭਾਰਤ ਨੇ ਆਪਣੇ ਪੁੱਤਰਾਂ ਅਤੇ ਧੀਆਂ ਦੀਆਂ ਹੋਰ ਬਹੁਤ ਸਾਰੀਆਂ ਜਾਨਾਂ ਵਿਅਰਥ ਗੁਆਉਣੀਆਂ ਸਨ। ਇਸ ਲਈ, ਗਾਂਧੀ ਜੀ ਨੂੰ ਮਹਾਤਮਾ ਕਿਹਾ ਜਾਂਦਾ ਹੈ, ਜਿਨ੍ਹਾਂ ਨੂੰ ਪਿਆਰ ਭਰੇ ਸਿਰਲੇਖ "ਰਾਸ਼ਟਰ ਪਿਤਾ" ਨਾਲ ਸੰਬੋਧਿਤ ਕੀਤਾ ਜਾਂਦਾ ਹੈ। ਅਤੇ ਉਨ੍ਹਾਂ ਦੀ ਤਸਵੀਰ ਸਾਡੇ ਨੋਟਾਂ ਤੇ ਛਾਪੀ ਜਾਂਦੀ ਹੈ। ਇਸ ਕਾਰਨ ਉਹ ਪੂਰੀ ਦੁਨੀਆ ਲਈ ਆਦਰਸ਼ ਬਣ ਗਏ। ਇਸ ਲਈ ਅੱਜ ਕਈ ਦੇਸ਼ ਉਨ੍ਹਾਂ ਦੀ ਜਯੰਤੀ ਮਨਾਉਂਦੇ ਹਨ।

## 10. ਪਵਿੱਤਰ ਬਾਈਬਲ ਦਾ ਇਤਿਹਾਸ

"ਬਾਈਬਲ" ਸ਼ਬਦ ਯੂਨਾਨੀ ਸ਼ਬਦ 'ਬਿਬਲਿਓਸ' ਤੋਂ ਲਿਆ ਗਿਆ ਹੈ, ਜਿਸ ਦਾ ਅਰਥ ਹੈ ਪੁਸਤਕਾਂ ਜਾਂ ਪੋਥੀਆਂ ਦਾ ਸੰਗ੍ਰਹਿ, ਜੋ ਕਿ 1600 ਸਾਲ ਦੀ ਅਵਧੀ ਵਿੱਚ 40 ਤੋਂ ਵੱਧ ਲੇਖਕਾਂ (ਜਿਵੇਂ ਕਿ ਕਿਸਾਨਾਂ, ਕਾਰੀਗਰਾਂ, ਨਬੀਆਂ, ਰਾਜਿਆਂ, ਵੈਦਾਂ ਅਤੇ ਪ੍ਰਮੁੱਖ ਸ਼ਖਸੀਅਤਾਂ) ਦੁਆਰਾ ਲਿਖੀਆਂ ਗਈਆਂ ਹਨ ਜਿਹੜੇ ਵੱਖ-ਵੱਖ ਸਥਾਨਾਂ ਜਿਵੇਂ ਕਿ ਏਸ਼ੀਆ, ਯੂਰਪ ਅਤੇ ਅਫ਼ਰੀਕੀ ਮਹਾਂਦੀਪ ਤੋਂ ਸਨ। ਪਵਿੱਤਰ ਬਾਈਬਲ ਇਬਰਾਨੀ, ਯੂਨਾਨੀ ਅਤੇ ਅਰਾਮੀ ਭਾਸ਼ਾਵਾਂ ਵਿੱਚ ਵੱਖੋ-ਵੱਖਰੀਆਂ ਸਮੱਗਰੀਆਂ ਜਿਵੇਂ ਕਿ ਜਾਨਵਰਾਂ ਦੀ ਚਮੜੀ, ਕਾਨੇ ਦੀਆਂ ਪੋਥੀਆਂ ਅਤੇ ਪੱਥਰਾਂ ਤੇ ਲਿਖੀ ਗਈ ਹੈ। ਕਿਉਂਕਿ ਉਹ ਵੱਖੋ-ਵੱਖਰੇ ਮਾਪ ਦੇ ਸਨ



ਅਤੇ ਯੂਨਾਨੀ ਦਾ ਲਿਖਣ ਦਾ ਤਰੀਕਾ ਸੱਜੇ ਤੋਂ ਖੱਬੇ ਹੈ ਜਦੋਂ ਕਿ ਇਬਰਾਨੀ ਖੱਬੇ ਤੋਂ ਸੱਜੇ ਹੈ ਜਿਸ ਨੇ ਉਨ੍ਹਾਂ ਨੂੰ ਪੁਸਤਕ ਦੇ ਰੂਪ ਵਿੱਚ ਵਿਵਸਥਿਤ ਕਰਨਾ ਮੁਸ਼ਕਲ ਬਣਾ ਦਿੱਤਾ।

ਪੁਰਾਣੇ ਨੇਮ ਦੇ ਜ਼ਿਆਦਾਤਰ ਬਚਨ ਇਬਰਾਨੀ ਭਾਸ਼ਾ ਵਿੱਚ ਅਤੇ ਨਵੇਂ ਨੇਮ ਦੇ ਯੂਨਾਨੀ ਭਾਸ਼ਾ ਵਿੱਚ ਲਿਖੇ ਗਏ ਹਨ। 383 ਤੋਂ 405 ਈਸਵੀ ਦੇ ਵਿਚਕਾਰ ਪੂਰੀ ਬਾਈਬਲ ਦਾ ਲਾਤੀਨੀ ਭਾਸ਼ਾ ਵਿੱਚ ਅਨੁਵਾਦ ਕੀਤਾ ਗਿਆ ਸੀ, ਇਹ ਭਾਸ਼ਾ ਪੁਰੋਹਿਤਾਂ ਅਤੇ ਸਾਧੂਆਂ ਦੁਆਰਾ ਜਾਣੀ ਜਾਂਦੀ ਸੀ। ਸੰਸਾਰ ਦੇ ਇਤਿਹਾਸ ਵਿੱਚ, ਬਾਈਬਲ ਪਹਿਲੀ ਵਾਰ 1450 ਵਿੱਚ ਲਾਤੀਨੀ ਭਾਸ਼ਾ ਵਿੱਚ ਛਾਪੀ ਗਈ ਸੀ। ਇਹ ਸਿਰਫ 1380 ਤੋਂ 82 ਵਿੱਚ, ਜੌਨ ਵਿਕਲਿਫ ਨੇ ਪਹਿਲੀ ਅੰਗਰੇਜ਼ੀ ਬਾਈਬਲ ਦਾ ਅਨੁਵਾਦ ਕੀਤਾ ਸੀ। ਇਸ ਤੋਂ ਬਾਅਦ, ਵਿਲੀਅਮ ਟਿੰਡੇਲ ਨੇ 1525 ਵਿੱਚ ਪਹਿਲੀ ਵਾਰ ਅੰਗਰੇਜ਼ੀ ਬਾਈਬਲ ਛਾਪੀ। ਬਾਅਦ ਵਿੱਚ ਅੰਗਰੇਜ਼ੀ ਭਾਸ਼ਾ ਵਿੱਚ ਅੰਗਰੇਜ਼ੀ ਬਾਈਬਲ ਦੇ ਕਈ ਸੰਸਕਰਣ ਛਾਪੇ ਗਏ, ਜਿਨ੍ਹਾਂ ਵਿੱਚੋਂ ਕਿੰਗ ਜੇਮਜ਼ ਸੰਸਕਰਣ ਜਿਸ ਨੂੰ ਅਧਿਕਾਰਤ ਸੰਸਕਰਣ ਵੀ ਕਿਹਾ ਜਾਂਦਾ ਹੈ, ਨੇ ਵਧੇਰੇ ਪ੍ਰਸਿੱਧੀ ਪ੍ਰਾਪਤ ਕੀਤੀ। ਭਾਰਤੀ ਭਾਸ਼ਾ ਵਿੱਚ ਪਹਿਲੀ ਬਾਈਬਲ ਤਾਮਿਲ ਵਿੱਚ 1727 ਵਿੱਚ ਛਾਪੀ ਗਈ ਸੀ।

ਬਾਈਬਲ ਦੀਆਂ ਸਾਰੀਆਂ ਪੁਸਤਕਾਂ ਏਕਤਾ ਨੂੰ ਪ੍ਰਦਰਸ਼ਿਤ ਕਰਦੀਆਂ ਹਨ ਅਤੇ ਆਪਣੇ ਅੰਦਰ ਵਿਗਿਆਨਕ ਤੌਰ ਤੇ ਪੁਰਾਤੱਤਵ, ਇਤਿਹਾਸਕ ਅਤੇ ਭਵਿੱਖਬਾਣੀ ਦਾ ਖੰਡਨ ਨਹੀਂ ਕਰਦੀਆਂ ਹਨ। ਬਾਈਬਲ ਵਿੱਚ ਜ਼ਿਕਰ ਕੀਤੀਆਂ ਘਟਨਾਵਾਂ ਅਤੇ ਸਥਿਤੀਆਂ ਅੱਜ ਵੀ ਪ੍ਰਮਾਣਿਤ ਹਨ। ਮਨੁੱਖਜਾਤੀ ਦੀ ਸਭਿਅਤਾ ਬਾਈਬਲ ਦੀਆਂ ਸੱਚਾਈਆਂ ਤੋਂ ਬਹੁਤ ਪ੍ਰਭਾਵਿਤ ਹੈ। ਇਸ ਵਿੱਚ ਸੰਸਾਰ ਦੇ ਸ਼ੁਰੂ ਤੋਂ ਅੰਤ ਤੱਕ ਮਨੁੱਖ ਦੀ ਮੁਕਤੀ ਨਾਲ ਜੁੜਿਆ ਸੰਦੇਸ਼ ਸ਼ਾਮਲ ਹੈ। ਇਸ ਪੁਸਤਕ ਦਾ ਸੰਦੇਸ਼ ਮਨੁੱਖ ਦੇ ਜੀਵਨ ਨੂੰ ਨੇਕ ਜੀਵਨ ਵਿੱਚ ਬਦਲ ਦੇਵੇਗਾ। ਆਤਮ ਹੱਤਿਆ ਕਰਨ ਵੇਲੇ ਕਈਆਂ ਨੇ ਬਾਈਬਲ ਰਾਹੀਂ ਜ਼ਿੰਦਗੀ ਦਾ ਅਰਥ ਲੱਭਿਆ। ਕਿਉਂਕਿ ਪਰਮੇਸ਼ੁਰ ਦਾ ਬਚਨ ਜੀਉਂਦਾ ਅਤੇ ਕਿਰਿਆਸ਼ੀਲ ਹੈ, ਕਿਸੇ ਵੀ ਦੋ ਧਾਰੀ ਤਲਵਾਰ ਨਾਲੋਂ ਤਿੱਖਾ ਹੈ। ਇਹ ਥੱਕੇ ਹੋਏ ਲੋਕਾਂ ਨੂੰ ਸਹਾਇਤਾ ਪ੍ਰਦਾਨ ਕਰਦਾ ਹੈ, ਸੋਗ ਕਰ ਰਹੇ ਲੋਕਾਂ ਨੂੰ ਦਿਲਾਸਾ ਦਿੰਦਾ ਹੈ ਅਤੇ ਨਿਰਾਸ਼ ਲੋਕਾਂ ਨੂੰ ਉਮੀਦ ਦਿੰਦਾ ਹੈ। ਇਹ ਪੁਸਤਕ ਸਾਰੀਆਂ ਕੌਮਾਂ ਅਤੇ ਹਰ ਉਮਰ ਦੇ ਸੱਭਿਆਚਾਰ ਲਈ ਢੁੱਕਵੀਂ ਹੈ। "ਸਾਰੀ ਲਿਖਤ ਪਰਮੇਸ਼ੁਰ ਦੇ ਆਤਮਾ ਤੋਂ ਹੈ ਅਤੇ ਸਿੱਖਿਆ, ਤਾੜਨ, ਸੁਧਾਰਨ ਅਤੇ ਧਰਮ

ਦੇ ਗਿਝਾਉਣ ਲਈ ਗੁਣਕਾਰ ਹੈ" (2 ਤਿਮੋਥਿਉਸ 3:16)। ਪਰਮੇਸ਼ੁਰ ਆਪ ਇਸ ਦਾ ਲੇਖਕ ਹੈ। ਮੌਜੂਦਾ ਸਮੇਂ ਵਿੱਚ, ਪਵਿੱਤਰ ਬਾਈਬਲ ਦਾ 3000 ਤੋਂ ਵੱਧ ਭਾਸ਼ਾਵਾਂ ਵਿੱਚ ਅਨੁਵਾਦ ਅਤੇ ਛਪਾਈ ਹੋ ਚੁੱਕੀ ਹੈ, ਤਾਂ ਜੋ 95% ਲੋਕ ਆਪਣੀ ਮਾਂ-ਬੋਲੀ ਵਿੱਚ ਬਾਈਬਲ ਪੜ੍ਹ ਸਕਣ। ਹਰ ਮਸੀਹੀ ਪਰਿਵਾਰ ਕੋਲ ਆਤਮਿਕ ਪੋਸ਼ਣ ਲਈ ਆਪਣੀ ਪਰਿਵਾਰਕ ਬਾਈਬਲ ਹੈ। ਹਰ ਸਾਲ ਕਰੋੜਾਂ ਕਾਪੀਆਂ ਵਿਕਣ ਤੋਂ ਬਾਅਦ ਬਾਈਬਲ ਅੱਜ ਵੀ ਸਭ ਤੋਂ ਵੱਧ ਵਿਕਣ ਵਾਲੀ ਪੁਸਤਕ ਹੈ। ਇਹ ਇਸ ਗੱਲ ਨੂੰ ਦਰਸਾਉਂਦਾ ਹੈ ਕਿ 'ਬਾਈਬਲ' ਸੱਚਮੁੱਚ ਵਿਲੱਖਣ ਹੈ ਅਤੇ ਇਸ ਵਿੱਚ ਸੱਚਾਈ ਹੈ।

ਭਾਰਤੀ ਨੋਟਾਂ ਤੇ ਸਮਰਾਟ ਅਸ਼ੋਕ ਦੇ ਥੰਮ੍ਹ ਦੀ ਤਸਵੀਰ ਹੈ ਜਿਸ ਨੇ ਮਸੀਹ ਤੋਂ ਲਗਭਗ 400 ਸਾਲ ਪਹਿਲਾਂ ਭਾਰਤ ਦੇਸ਼ ਉੱਤੇ ਰਾਜ ਕੀਤਾ ਸੀ। ਹੇਠਾਂ ਅਥਰਵਣ ਵੇਦ ਦੇ ਮੁੰਡਕ ਉਪਨਿਸ਼ਦ ਆਇਤ 3.1.6 ਵਿੱਚ ਘੋਸ਼ਿਤ 'ਸੱਤਯਮੇਵ ਜਯਤੇ' ਦਾ ਨਾਅਰਾ ਹੈ। ਇਸ ਦਾ ਅਰਥ ਹੈ ਕਿ ਸਿਰਫ ਸੱਚ ਹੀ ਪ੍ਰਬਲ ਹੋਵੇਗਾ ਜਾਂ ਸਿਰਫ ਸੱਚ ਦੀ ਹੀ ਜਿੱਤ ਹੋਵੇਗੀ। ਜੇ ਯਿਸੂ ਇੱਕ ਢੌਂਗੀ ਜਾਂ ਧੋਖੇਬਾਜ਼ ਹੁੰਦਾ ਅਤੇ ਉਸ ਦੇ ਬਚਨ (ਸਿੱਖਿਆ) ਸੱਚੇ ਨਾ ਹੁੰਦੇ, ਤਾਂ ਉਹ ਅੱਜ ਤੱਕ ਨਹੀਂ ਰਹਿੰਦੇ। ਉਸ ਦੀਆਂ ਸਿੱਖਿਆਵਾਂ ਦੁਨੀਆ ਭਰ ਵਿੱਚ ਫੈਲੀਆਂ ਹੋਈਆਂ ਹਨ ਅਤੇ ਅਣਗਿਣਤ ਲੋਕਾਂ ਨੂੰ ਬਦਲਦੀਆਂ ਹਨ। ਅੱਜ ਵੀ ਉਸ ਦੇ ਪੈਰੋਕਾਰ ਜਾਂ ਚੇਲੇ ਦੁਨੀਆ ਦੇ ਲਗਭਗ ਸਾਰੇ ਦੇਸ਼ਾਂ ਵਿੱਚ ਪਾਏ ਜਾਂਦੇ ਹਨ। ਜਾਤ, ਪੰਥ ਅਤੇ ਧਰਮ ਦੇ ਬਾਵਜੂਦ ਇੱਕੋ ਇੱਕ ਪੁਸਤਕ ਜੋ ਹਰੇਕ ਵਿਅਕਤੀ ਦੁਆਰਾ ਪੜ੍ਹੀ ਜਾ ਰਹੀ ਹੈ ਬੇਸ਼ੱਕ ਪਵਿੱਤਰ ਬਾਈਬਲ ਹੈ। ਮੈਂ ਸੋਚਦਾ ਹਾਂ, ਮੈਂ ਇਹ ਕਹਿਣ ਵਿੱਚ ਆਪਣੀ ਸੀਮਾ ਤੋਂ ਬਾਹਰ ਦੀ ਗੱਲ ਨਹੀਂ ਕਰ ਰਿਹਾ ਹਾਂ ਕਿ ਭਾਵੇਂ ਕੋਈ ਵੀ ਰੁਕਾਵਟਾਂ ਜਾਂ ਜ਼ੁਲਮ ਢਹਿ ਜਾਣ, ਭਾਵੇਂ ਧਰਤੀ ਅਤੇ ਅਕਾਸ਼ ਨਾਸ ਹੋ ਜਾਣ, ਉਸ ਦੀ ਸਿੱਖਿਆ ਕਦੇ ਵੀ ਅਲੋਪ ਨਹੀਂ ਹੋਵੇਗੀ, ਕਿਉਂਕਿ ਉਹ ਸੱਚਾਈ ਹੈ।

ਹਰ ਕੋਈ ਜੋ ਬਾਈਬਲ ਦੀਆਂ ਸਿੱਖਿਆਵਾਂ ਦੀ ਪਾਲਣਾ ਕਰਦਾ ਹੈ, ਉਹ ਪਿਆਰ, ਦਯਾ, ਭਾਈਚਾਰਾ ਅਤੇ ਛੁਟਕਾਰੇ (ਮੁਕਤੀ) ਵਰਗੇ ਰੱਬੀ ਗੁਣਾਂ ਨੂੰ ਗ੍ਰਹਿਣ ਕਰੇਗਾ ਅਤੇ ਸਵਾਮੀ ਵਿਵੇਕਾਨੰਦ, ਮਹਾਤਮਾ ਗਾਂਧੀ ਜੀ ਅਤੇ ਮਦਰ ਟੈਰੇਸਾ ਵਰਗਾ ਆਦਰਸ਼ ਜੀਵਨ ਵੀ ਜੀਵੇਗਾ।






# 11. ਧਨਵਾਨ ਮਨੁੱਖ ਅਤੇ ਭਿਖਾਰੀ ਲਾਜ਼ਰ ਦਾ ਦ੍ਰਿਸ਼ਟਾਂਤ

"ਇੱਕ ਧਨਵਾਨ ਮਨੁੱਖ ਸੀ ਜੋ ਬੈਂਗਣੀ ਅਰ ਬਰੀਕ ਕੱਪੜਾ ਪਹਿਨਦਾ ਅਤੇ ਨਿੱਤ ਭੋਗ ਬਿਲਾਸ ਕਰਦਾ ਅਤੇ ਸ਼ਾਨ ਨਾਲ ਰਹਿੰਦਾ ਸੀ। ਅਰ ਲਾਜ਼ਰ ਨਾਉਂ ਦਾ ਇੱਕ ਕੰਗਾਲ ਫੋੜਿਆਂ ਨਾਲ ਭਰਿਆ ਹੋਇਆ ਉਹ ਦੀ ਡਿਉੜ੍ਹੀ ਦੇ ਅੱਗੇ ਸੁੱਟਿਆ ਪਿਆ ਹੁੰਦਾ ਸੀ। ਅਰ ਜਿਹੜੇ ਚੂਰੇ ਭੂਰੇ ਉਸ ਧਨਵਾਨ ਦੀ ਮੇਜ਼ ਦੇ ਉੱਤੋਂ ਡਿੱਗਦੇ ਸਨ ਉਹ ਉਨ੍ਹਾਂ ਨਾਲ ਆਪਣਾ ਢਿੱਡ ਭਰਨਾ ਚਾਹੁੰਦਾ ਸੀ ਸਗੋਂ ਕੁੱਤੇ ਵੀ ਆਣ ਕੇ ਉਹ ਦੇ ਫੋੜਿਆਂ ਨੂੰ ਚੱਟਦੇ ਸਨ।

ਅਤੇ ਇਉਂ ਹੋਇਆ ਜੋ ਉਹ ਕੰਗਾਲ ਮਰ ਗਿਆ ਅਰ ਦੂਤਾਂ ਨੇ ਉਹ ਨੂੰ ਅਬਰਾਹਾਮ ਦੀ ਗੋਦ ਵਿੱਚ ਲੈ ਜਾ ਰੱਖਿਆ, ਅਤੇ ਉਹ ਧਨਵਾਨ ਵੀ ਮਰਿਆ ਅਤੇ ਦੱਬਿਆ ਗਿਆ। ਅਰ ਪਤਾਲ ਵਿੱਚ ਦੁਖੀ ਹੋ ਕੇ ਉਸ ਨੇ ਆਪਣੀਆਂ ਅੱਖੀਆਂ ਚੁੱਕੀਆਂ ਅਤੇ ਦੂਰੋਂ ਅਬਰਾਹਾਮ ਨੂੰ ਅਰ ਉਹ ਦੀ ਗੋਦ ਵਿੱਚ ਲਾਜ਼ਰ ਨੂੰ ਡਿੱਠਾ। ਤਾਂ ਉਸ ਨੇ ਅਵਾਜ਼ ਮਾਰ ਕੇ ਕਿਹਾ, 'ਹੇ ਪਿਤਾ ਅਬਰਾਹਾਮ ਮੇਰੇ ਉੱਤੇ ਦਯਾ ਕਰ ਅਤੇ ਲਾਜ਼ਰ ਨੂੰ ਘੱਲ ਜੋ ਆਪਣੀ ਉਂਗਲ ਦਾ ਪੋਟਾ ਪਾਣੀ ਵਿੱਚ ਡੁੱਬੋ ਕੇ ਮੇਰੀ ਜੀਭ ਠੰਢੀ ਕਰੇ ਕਿਉਂ ਜੋ ਮੈਂ ਇਸ ਲੰਬ ਵਿੱਚ ਕਲਪਦਾ ਹਾਂ!'

ਪਰ ਅਬਰਾਹਾਮ ਬੋਲਿਆ, 'ਬੱਚਾ ਯਾਦ ਕਰ ਜੋ ਤੂੰ ਆਪਣੇ ਜੀਉਂਦੇ ਜੀ ਆਪਣੀਆਂ ਚੰਗੀਆਂ ਚੀਜ਼ਾਂ ਪਾ ਚੁੱਕਾ ਅਰ ਇਸੇ ਤਰਾਂ ਲਾਜ਼ਰ ਮੰਦੀਆਂ ਚੀਜ਼ਾਂ ਪਰ ਹੁਣ ਉਹ ਐਥੇ ਸ਼ਾਂਤ ਪਾਉਂਦਾ ਅਤੇ ਤੂੰ ਕਲਪਦਾ ਹੈਂ। ਅਰ ਇਸ ਤੋਂ ਬਾਝ ਸਾਡੇ ਅਤੇ ਤੁਹਾਡੇ ਵਿੱਚ ਇੱਕ ਵੱਡੀ ਖੱਡ ਪਈ ਹੈ ਤਾਂ ਜੋ ਓਹ ਜਿਹੜੇ ਐਥੋਂ ਤੁਹਾਡੇ ਕੋਲ ਪਾਰ ਲੰਘਣਾ ਚਾਹੁਣ ਓਹ ਨਾ ਲੰਘ ਸੱਕਣ, ਨਾ ਉੱਧਰੋਂ ਕੋਈ ਸਾਡੇ ਕੋਲ ਏਸ ਪਾਸੇ ਆਉਣ।' ਤਾਂ ਉਸ ਆਖਿਆ, 'ਹੇ ਪਿਤਾ ਤਦ ਮੈਂ ਤੇਰੀ ਮਿੰਨਤ ਕਰਦਾ ਹਾਂ ਜੋ ਤੂੰ ਉਹ ਨੂੰ ਮੇਰੇ ਪਿਉ ਦੇ ਘਰ ਭੇਜ ਕਿਉਂਕਿ ਮੇਰੇ ਪੰਜ ਭਰਾ ਹਨ ਤਾਂ ਜੋ ਉਹ ਉਨ੍ਹਾਂ ਦੇ ਅੱਗੇ ਸਾਖੀ ਦੇਵੇ ਭਈ ਕਿਤੇ ਓਹ ਭੀ ਇਸ ਕਸ਼ਟ ਦੇ ਥਾਂ ਵਿੱਚ ਨਾ ਆਉਣ।' ਪਰ ਅਬਰਾਹਾਮ ਨੇ ਆਖਿਆ ਕਿ 'ਉਨ੍ਹਾਂ ਦੇ ਕੋਲ ਮੂਸਾ ਅਤੇ ਨਬੀ ਹਨ, ਉਹ ਉਨ੍ਹਾਂ ਦੀ ਸੁਣਨ।' ਪਰ ਓਸ ਆਖਿਆ, 'ਨਾ ਜੀ ਹੇ ਪਿਤਾ ਅਬਰਾਹਾਮ ਪਰ ਜੇ ਕੋਈ ਮੁਰਦਿਆਂ ਵਿੱਚੋਂ ਉਨ੍ਹਾਂ ਦੇ ਕੋਲ ਜਾਵੇ ਤਾਂ ਓਹ ਤੋਬਾ ਕਰਨਗੇ। ਪਰ ਉਹ ਨੇ ਉਸ ਨੂੰ ਕਿਹਾ, ਜੇ ਮੂਸਾ ਅਤੇ ਨਬੀਆਂ ਦੀ ਨਾ ਸੁਣਨ ਤਾਂ ਭਾਵੇਂ ਮੁਰਦਿਆਂ ਵਿੱਚੋਂ ਭੀ ਕੋਈ ਜੀ ਉੱਠੇ ਪਰ ਓਹ ਨਾ ਮੰਨਣਗੇ।'" (ਲੂਕਾ 16:19-31)

# 12. ਯਿਸੂ ਮਸੀਹ ਕੌਣ ਹੈ? ਤੁਹਾਡਾ ਫ਼ੈਸਲਾ ਕੀ ਹੈ?

ਮੇਰੇ ਪਿਆਰੇ ਭਰਾਵੋ ਅਤੇ ਭੈਣੋ, ਜਿਵੇਂ ਕਿ ਮੈਂ ਪਿਛਲੇ ਪੰਨਿਆਂ ਵਿੱਚ ਦੱਸਿਆ ਸੀ, ਤੁਹਾਡੇ ਖਿਆਲ ਨਾਲ ਯਿਸੂ ਕੌਣ ਹੈ? ਕੀ ਉਹ ਠੱਗ, ਝੂਠਾ, ਪਾਗਲ ਜਾਂ ਸੱਚਾ ਪਰਮੇਸ਼ੁਰ ਹੈ? ਜੇਕਰ ਤੁਸੀਂ ਵਿਸ਼ਵਾਸ ਕਰਦੇ ਹੋ ਕਿ ਯਿਸੂ ਹੀ ਪਰਮੇਸ਼ੁਰ ਹੈ, ਤਾਂ ਤੁਸੀਂ ਵੀ ਮੁਕਤੀ ਪ੍ਰਾਪਤ ਕਰ ਸਕਦੇ ਹੋ। ਮੁਕਤੀ ਕਿਸੇ ਵੀ ਮਨੁੱਖ ਦੁਆਰਾ ਇੱਕ ਪਲ ਵਿੱਚ ਪ੍ਰਾਪਤ ਕੀਤੀ ਜਾ ਸਕਦੀ ਹੈ। ਕਿਉਂਕਿ ਮੁਕਤੀ ਖੁਦ ਪਰਮੇਸ਼ੁਰ ਦੁਆਰਾ ਉਸ ਦੀ ਕਿਰਪਾ ਵਿੱਚ ਤਿਆਰ ਅਤੇ ਪੇਸ਼ ਕੀਤੀ ਗਈ ਹੈ ਅਤੇ ਸਾਨੂੰ ਵਿਸ਼ਵਾਸ ਦੁਆਰਾ ਇਸ ਨੂੰ ਸਵੀਕਾਰ ਕਰਨ ਦੀ ਜ਼ਰੂਰਤ ਹੈ। ਇਸ ਲਈ, ਮੁਕਤੀ ਪ੍ਰਾਪਤ ਕਰਨ ਲਈ, ਬਹੁਤ ਸਾਰੇ ਪੁਨਰ ਜਨਮ ਲੈਣ, ਤੀਰਥ ਯਾਤਰਾ ਤੇ ਜਾਣ, ਆਪਣੇ ਆਪ ਨੂੰ ਸਜ਼ਾ ਦੇਣ, ਇਕਾਂਤ ਜੀਵਨ ਜਿਉਣ ਆਦਿ ਦੀ ਲੋੜ ਨਹੀਂ ਹੈ। ਪਰਮੇਸ਼ੁਰ ਨੇ ਜਾਤ-ਪਾਤ, ਮਰਦ ਜਾਂ ਔਰਤ ਦੇ ਭੇਦਭਾਵ ਤੋਂ ਬਿਨ੍ਹਾਂ ਮੁਕਤੀ ਉਪਲਬਧ ਕਰਵਾਈ ਹੈ। ਕਿਉਂਕਿ ਬਾਈਬਲ ਕਹਿੰਦੀ ਹੈ ਕਿ ਪਰਮੇਸ਼ੁਰ ਚਾਹੁੰਦਾ ਹੈ ਕਿ ਹਰ ਕੋਈ ਮੁਕਤੀ ਪ੍ਰਾਪਤ ਕਰੇ ਅਤੇ ਸੱਚ ਦੇ ਗਿਆਨ ਵਿੱਚ ਆਵੇ। ਉਦਾਹਰਣ ਲਈ, ਤੋਬਾ ਜਾਂ ਪਸ਼ਚਾਤਾਪ ਕਰਨ ਵਾਲਾ ਡਾਕੂ ਜਿਸ ਨੂੰ ਯਿਸੂ ਮਸੀਹ ਦੇ ਨਾਲ ਸਲੀਬ ਦਿੱਤਾ ਗਿਆ ਸੀ, ਨੂੰ ਇੱਕ ਪਲ ਵਿੱਚ ਸਵਰਗ ਦਿੱਤਾ ਗਿਆ ਸੀ ਕਿਉਂਕਿ ਉਸ ਨੇ ਯਿਸੂ ਨੂੰ ਉਸ ਦੇ ਰਾਜ ਵਿੱਚ ਉਸ ਨੂੰ ਚੇਤੇ ਕਰਨ ਲਈ ਪ੍ਰਾਰਥਨਾ ਕੀਤੀ ਸੀ।

**ਜੇ ਤੁਸੀਂ ਮੁਕਤੀ ਪ੍ਰਾਪਤ ਕਰਨਾ ਚਾਹੁੰਦੇ ਹੋ, ਤਾਂ ਤੁਹਾਨੂੰ ਪ੍ਰਭੂ ਯਿਸੂ ਮਸੀਹ ਵਿੱਚ ਵਿਸ਼ਵਾਸ ਕਰਨ ਅਤੇ ਇਹ ਪ੍ਰਾਰਥਨਾ ਕਰਨ ਦੀ ਲੋੜ ਹੈ:**

ਹੇ ਯਿਸੂ, ਕਿਰਪਾ ਨਾਲ ਦਯਾ ਦੇ ਧਨੀ, ਲਗਭਗ 2023 ਸਾਲ ਪਹਿਲਾਂ ਮੈਨੂੰ ਮੁਕਤੀ ਦੇਣ ਅਤੇ ਮੇਰੇ ਲਈ ਇਸ ਸੱਚਾਈ ਨੂੰ ਪ੍ਰਗਟ ਕਰਨ ਲਈ ਇਸ ਸੰਸਾਰ ਵਿੱਚ ਆਉਣ ਲਈ ਤੁਹਾਡਾ ਧੰਨਵਾਦ। ਮੈਂ ਸਵੀਕਾਰ ਕਰਦਾ ਹਾਂ ਕਿ ਮੈਂ ਇੱਕ ਪਾਪੀ ਇਨਸਾਨ ਹਾਂ ਅਤੇ ਵਿਸ਼ਵਾਸ ਕਰਦਾ ਹਾਂ ਕਿ ਤੁਸੀਂ, ਪਵਿੱਤਰ ਪਰਮੇਸ਼ੁਰ ਨੇ ਮੇਰੇ ਪਾਪਾਂ ਦੇ ਕਾਰਨ ਸਲੀਬ ਉੱਤੇ ਦੁੱਖ ਝੱਲਿਆ ਅਤੇ ਜਾਨ ਦਿੱਤੀ ਹੈ। ਮੈਂ ਆਪਣੇ ਪਾਪਾਂ ਤੋਂ ਤੋਬਾ ਕਰਦਾ ਹਾਂ। ਆਪਣੇ ਦਿਲ ਦੀ ਗਹਿਰਾਈ ਤੋਂ ਵਿਸ਼ਵਾਸ ਕਰਦੇ ਹੋਏ ਮੈਂ ਇਕਰਾਰ ਕਰਦਾ ਹਾਂ ਕਿ ਤੁਸੀਂ ਸੱਚੇ ਪਰਮੇਸ਼ੁਰ ਹੋ, ਮੇਰੇ ਲਈ ਆਪਣਾ ਪਵਿੱਤਰ ਲਹੂ ਵਹਾਉਂਦੇ ਹੋਏ ਸਲੀਬ ਉੱਤੇ ਆਪਣੀ ਜਾਨ ਦਿੱਤੀ: ਮੋਏ, ਦਫ਼ਨਾਏ ਗਏ ਅਤੇ ਤੀਜੇ ਦਿਨ ਜੀ ਉੱਠੇ। ਮੇਰੇ ਪਾਪਾਂ ਨੂੰ ਮਾਫ਼ ਕਰਨ ਅਤੇ ਜੀਵਨ ਦੀ ਪੋਥੀ ਵਿੱਚ ਮੇਰਾ ਨਾਮ ਲਿਖਣ ਲਈ ਪ੍ਰਭੂ ਤੁਹਾਡਾ ਧੰਨਵਾਦ। ਮੈਂ ਵਿਸ਼ਵਾਸ ਕਰਦਾ ਹਾਂ ਅਤੇ ਆਸ ਕਰਦਾ ਹਾਂ ਕਿ ਤੁਸੀਂ ਆ ਕੇ ਮੈਨੂੰ ਸਵਰਗ ਵਿੱਚ ਲੈ ਜਾਓਗੇ। ਪ੍ਰਭੂ ਤੁਹਾਡਾ ਧੰਨਵਾਦ!

ਮੈਂ ਤੁਹਾਨੂੰ ਪਰਮੇਸ਼ੁਰ ਦੇ ਰਾਜ ਦਾ ਵਾਰਸ ਬਣਨ ਲਈ ਵਧਾਈ ਦਿੰਦਾ ਹਾਂ ਅਤੇ ਕਿਰਪਾ ਕਰਕੇ ਮੈਨੂੰ ਜ਼ਰੂਰ ਯਾਦ ਰੱਖਿਓ। ਤੁਹਾਡਾ ਧੰਨਵਾਦ।



**ਅਧਿਆਇ ਨੰ. 13 ਤੋਂ 20 ਤੱਕ, ਪਿਛਲੇ ਸਮੇਂ ਵਿੱਚ ਰਾਜ ਭਰ ਵਿੱਚ ਵੱਖ-ਵੱਖ ਅਖ਼ਬਾਰਾਂ ਵਿੱਚ ਪ੍ਰਕਾਸ਼ਿਤ ਕੀਤੇ ਗਏ ਲੇਖ ਇੱਥੇ ਤੁਹਾਨੂੰ ਸਮਝਾਉਣ ਦੇ ਲਈ ਦੁਬਾਰਾ ਇਸ ਪੁਸਤਕ ਵਿੱਚ ਲਿਆਂਦੇ ਗਏ ਹਨ।**

**ਸ਼ਿਵਾਮੋਗਾ ਸਥਾਨਕ ਦੈਨਿਕ ਅਖ਼ਬਾਰ ਵਿੱਚ 25-12-2012 ਨੂੰ ਪ੍ਰਕਾਸ਼ਿਤ ਇੱਕ ਲੇਖ**

# 13. ਯਿਸੂ, ਪਵਿੱਤਰ ਪਰਮੇਸ਼ੁਰ

***ਯਿਸੂ ਮਸੀਹ ਪਰਮੇਸ਼ੁਰ ਸੀ, ਸਾਨੂੰ ਯਿਸੂ ਮਸੀਹ ਦੀ ਮਨੁੱਖੀ ਪਰਕਾਸ਼ ਵਜੋਂ ਬੰਦਗੀ ਕਰਨੀ ਚਾਹੀਦੀ ਹੈ। ਤੁਸੀਂ ਪਰਮੇਸ਼ੁਰ ਦੇ ਪਰਕਾਸ਼ ਤੋਂ ਉੱਚੀ ਕਿਸੇ ਚੀਜ਼ ਦੀ ਬੰਦਗੀ ਨਹੀਂ ਕਰ ਸਕਦੇ। ਜਦੋਂ ਵੀ ਤੁਸੀਂ ਮਸੀਹ ਤੋਂ ਪਰੇ ਪਰਮੇਸ਼ੁਰ ਬਣਾਉਣ ਦੀ ਕੋਸ਼ਿਸ਼ ਕਰਦੇ ਹੋ, ਤੁਸੀਂ ਸਮੁੱਚੀ ਚੀਜ਼ ਨੂੰ ਮਾਰ ਦਿੰਦੇ ਹੋ।***

**- ਸਵਾਮੀ ਵਿਵੇਕਾਨੰਦ**

**(ਸਵਾਮੀ ਵਿਵੇਕਾਨੰਦ ਦੀਆਂ ਸੰਪੂਰਨ ਰਚਨਾਵਾਂ, ਭਾਗ-8, ਪੰਨਾ ਨੰ. 182)**

**ਪਵਿੱਤਰ ਬਾਈਬਲ ਵਿੱਚ ਯਿਸੂ ਦੀ ਪਵਿੱਤਰਤਾ ਜਿਸ ਨੇ ਸਾਡੇ ਵਿੱਚ ਵਾਸ ਕੀਤਾ ਹੇਠ ਲਿਖੇ ਅਨੁਸਾਰ ਹੈ:**

- "ਪਵਿੱਤ੍ਰ ਆਤਮਾ ਤੇਰੇ ਉੱਪਰ ਆਵੇਗਾ ਅਰ ਅੱਤ ਮਹਾਨ ਦੀ ਕੁਦਰਤ ਤੇਰੇ ਉੱਤੇ ਛਾਇਆ ਕਰੇਗੀ ਇਸ ਕਰਕੇ ਜਿਹੜਾ ਜੰਮੇਗਾ ਉਹ ਪਵਿੱਤ੍ਰ ਅਤੇ ਪਰਮੇਸ਼ੁਰ ਦਾ ਪੁੱਤ੍ਰ ਕਹਾਵੇਗਾ।" (ਲੂਕਾ 1:35)
- **ਜਦੋਂ ਯਿਸੂ ਇੱਕ ਪੂਰਨ ਮਨੁੱਖੀ ਰੂਪ ਵਿੱਚ ਪੈਦਾ ਹੋਇਆ ਸੀ ਅਤੇ 33½ ਸਾਲ ਲੋਕਾਂ ਵਿੱਚ ਰਹਿੰਦਾ ਸੀ:**
  "ਕਿਉਂ ਜੋ ਸਾਡਾ ਪਰਧਾਨ ਜਾਜਕ ਇਹੋ ਜਿਹਾ ਨਹੀਂ ਜੋ ਸਾਡੀਆਂ ਦੁਰਬਲਤਾਈਆਂ ਵਿੱਚ ਸਾਡਾ ਦਰਦੀ ਨਾ ਹੋ ਸੱਕੇ ਸਗੋਂ ਸਾਰੀਆਂ ਗੱਲਾਂ ਵਿੱਚ ਸਾਡੇ ਵਾਂਙੁ ਪਰਤਾਇਆ ਗਿਆ ਪਰ ਉਹ ਪਾਪ ਤੋਂ ਰਹਿਤ ਰਿਹਾ।" (ਇਬਰਾਨੀਆਂ 4:15)
- **ਜਦੋਂ ਲੋਕਾਂ ਨੇ ਯਿਸੂ ਵਿੱਚ ਦੋਸ਼ ਲੱਭਣ ਦੀ ਕੋਸ਼ਿਸ਼ ਕੀਤੀ, ਤਾਂ ਉਸ ਨੇ ਕਿਹਾ:**
  **"ਕੌਣ ਤੁਹਾਡੇ ਵਿੱਚੋਂ ਮੇਰੇ ਉੱਤੇ ਗੁਨਾਹ ਸਾਬਤ ਕਰਦਾ ਹੈ?"** (ਯੂਹੰਨਾ 8:46)
- **ਹਰ ਧਰਮ ਕਹਿੰਦਾ ਹੈ ਕਿ ਪਾਪ ਦੀ ਮਜ਼ਦੂਰੀ ਮੌਤ ਹੈ ਅਤੇ ਲਹੂ ਵਹਾਉਣ ਤੋਂ ਬਿਨ੍ਹਾਂ ਪਾਪ ਤੋਂ ਮੁਕਤੀ ਨਹੀਂ ਹੈ:**

"ਉਹ ਨੇ ਉਸ ਨੂੰ ਜਿਹੜਾ ਪਾਪ ਦਾ ਜਾਣੂ ਨਹੀਂ ਸੀ ਸਾਡੀ ਖ਼ਾਤਰ ਪਾਪ ਠਹਿਰਾਇਆ ਤਾਂ ਜੋ ਅਸੀਂ ਉਸ ਵਿੱਚ ਹੋ ਕੇ ਪਰਮੇਸ਼ੁਰ ਦਾ ਧਰਮ ਬਣੀਏ।"
(2 ਕੁਰਿੰਥੀਆਂ 5:21)

- **ਜਦੋਂ ਬਲਦਾਂ ਅਤੇ ਬੱਕਰੀਆਂ ਦੇ ਲਹੂ ਨਾਲ ਮਨੁੱਖੀ ਪਾਪਾਂ ਦਾ ਸ਼ੁੱਧ ਹੋਣਾ ਅਸੰਭਵ ਹੋ ਗਿਆ:**
  "ਉਹ (ਯਿਸੂ) ਦੇ ਵਿੱਚ ਉਸ ਦੇ ਲਹੂ ਦੇ ਦੁਆਰਾ ਸਾਨੂੰ ਨਿਸਤਾਰਾ ਅਰਥਾਤ ਅਪਰਾਧਾਂ ਦੀ ਮਾਫ਼ੀ ਉਹ ਦੀ ਕਿਰਪਾ ਦੇ ਧਨ ਅਨੁਸਾਰ ਮਿਲਦੀ ਹੈ।"
  (ਅਫ਼ਸੀਆਂ 1:7)
- **ਯਹੂਦਾ, 12 ਚੇਲਿਆਂ ਵਿੱਚੋਂ ਇੱਕ ਨੇ ਮਹਿਸੂਸ ਕੀਤਾ ਕਿ ਉਸ ਨੇ 30 ਚਾਂਦੀ ਦੇ ਸਿੱਕਿਆਂ ਲਈ ਯਿਸੂ ਨੂੰ ਧੋਖਾ ਦਿੱਤਾ ਸੀ, ਨੇ ਕਿਹਾ:**
  "ਮੈਂ ਪਾਪ ਕੀਤਾ ਜੋ ਨਿਰਦੋਸ਼ ਜਿੰਦ ਨੂੰ ਫੜਵਾ ਦਿੱਤਾ।" (ਮੱਤੀ 27:4)
  ਜਦੋਂ ਮਹਾਸਭਾ, ਯਹੂਦੀ ਧਾਰਮਿਕ ਸਰਵਉੱਚ ਸੰਸਥਾ ਜਾਂਚ ਕਰਨ ਲਈ ਇਕੱਠੀ ਹੋਈ:
  "ਤਦ ਪਰਧਾਨ ਜਾਜਕ ਅਤੇ ਸਾਰੀ ਮਹਾ ਸਭਾ ਨੇ ਯਿਸੂ ਦੇ ਵਿੱਰੁਧ ਉਹ ਨੂੰ ਜਾਨੋਂ ਮਾਰਨ ਲਈ ਗਵਾਹੀ ਢੂੰਡੀ ਪਰ ਨਾ ਲੱਭੀ। ਬਹੁਤਿਆਂ ਨੇ ਉਹਦੇ ਵਿੱਰੁਧ ਝੂਠੀ ਗਵਾਹੀ ਤਾਂ ਦਿੱਤੀ ਪਰ ਉਨ੍ਹਾਂ ਦੀ ਗਵਾਹੀ ਇੱਕੋ ਜਹੀ ਨਾ ਸੀ।"
  (ਮਰਕੁਸ 14:55-56)
- ਹਾਕਮ ਪਿਲਾਤੁਸ ਨੇ ਕਿਹਾ, "ਤੁਸੀਂ ਇਸ ਮਨੁੱਖ ਨੂੰ ਲੋਕਾਂ ਦਾ ਭਰਮਾਉਣ ਵਾਲਾ ਠਹਿਰਾ ਕੇ ਮੇਰੇ ਕੋਲੇ ਲਿਆਏ ਅਰ ਵੇਖੋ ਮੈਂ ਤੁਹਾਡੇ ਸਾਹਮਣੇ ਪੁੱਛ ਗਿੱਛ ਕੀਤੀ ਅਤੇ ਜਿਹੜੀਆਂ ਗੱਲਾਂ ਦੀ ਤੁਸਾਂ ਇਸ ਉੱਤੇ ਨਾਲਸ਼ ਕੀਤੀ ਹੈ ਮੈਂ ਉਨ੍ਹਾਂ ਦੇ ਵਿਖੇ ਇਸ ਮਨੁੱਖ ਵਿੱਚ ਕੋਈ ਦੋਸ਼ ਨਹੀਂ ਵੇਖਿਆ। ਅਤੇ ਨਾ ਹੇਰੋਦੇਸ ਨੇ ਕਿਉਂਕਿ ਓਨ ਉਸ ਨੂੰ ਸਾਡੇ ਕੋਲ ਮੋੜ ਭੇਜਿਆ ਅਰ ਵੇਖੋ ਉਹ ਦੇ ਕੋਲੋਂ ਕਤਲ ਦੇ ਲਾਇਕ ਕੋਈ ਔਗੁਣ ਨਹੀਂ ਹੋਇਆ।" (ਲੂਕਾ 23:14,15)
- ਫਿਰ ਪਿਲਾਤੁਸ ਨੇ ਪਰਧਾਨ ਜਾਜਕਾਂ ਅਤੇ ਭੀੜ ਨੂੰ ਕਿਹਾ: "ਮੈਂ ਇਸ ਮਨੁੱਖ ਵਿੱਚ ਕੋਈ ਦੋਸ਼ ਨਹੀਂ ਵੇਖਦਾ।" (ਲੂਕਾ 23:4)
- ਜਦ ਪਿਲਾਤੁਸ ਅਦਾਲਤ ਦੀ ਗੱਦੀ ਉੱਤੇ ਬੈਠਾ ਹੋਇਆ ਸੀ ਉਹ ਦੀ ਪਤਨੀ ਨੇ ਉਹ ਨੂੰ ਅਖਵਾ ਭੇਜਿਆ ਜੋ "ਤੂੰ ਉਸ ਧਰਮੀ ਨਾਲ ਕੁਝ ਵਾਸਤਾ ਨਾ ਰੱਖ ਕਿਉਂ ਜੋ ਮੈਂ ਅੱਜ ਸੁਫਨੇ ਵਿੱਚ ਉਸ ਦੇ ਕਾਰਨ ਵੱਡਾ ਦੁਖ ਡਿੱਠਾ।"
  (ਮੱਤੀ 27:19)



- **ਯਿਸੂ ਦੇ ਨਾਲ ਸਲੀਬ ਉੱਤੇ ਚੜ੍ਹਾਏ ਗਏ ਦੋ ਡਾਕੂਆਂ ਵਿੱਚੋਂ ਇੱਕ ਨੇ ਦੂਜੇ ਡਾਕੂ ਨੂੰ ਇਹ ਕਹਿ ਕੇ ਗਵਾਹੀ ਦਿੱਤੀ:**
  "ਅਸੀਂ ਤਾਂ ਨਿਆਉਂ ਨਾਲ ਆਪਣੀ ਕਰਨੀ ਦਾ ਫਲ ਭੋਗਦੇ ਹਾਂ **ਪਰ ਉਹ ਨੇ ਕੋਈ ਔਗੁਣ ਨਹੀਂ ਕੀਤਾ।"** (ਲੂਕਾ 23:41)
- **ਸੂਬੇਦਾਰ ਜਿਸ ਨੇ ਯਿਸੂ ਮਸੀਹ ਦੇ ਸਲੀਬ ਦਿੱਤੇ ਜਾਣ ਦੇ ਸਮੇਂ ਨਿਗਰਾਨੀ ਕੀਤੀ ਸੀ, ਕਿਹਾ:**
  "ਸੱਚੀ ਮੁੱਚੀ **ਇਹ ਧਰਮੀ ਪੁਰਖ ਸੀ!"** (ਲੂਕਾ 23:47)
- **ਪਤਰਸ ਨੇ ਜੋ 12 ਚੇਲਿਆਂ ਵਿੱਚੋਂ ਇੱਕ ਸੀ, ਜਿਹੜਾ ਯਿਸੂ ਦੇ ਨਾਲ ਸਾਢੇ ਤਿੰਨ ਸਾਲਾਂ ਤੱਕ ਰਿਹਾ ਸੀ, ਯਿਸੂ ਬਾਰੇ ਕੁਝ ਇਸ ਤਰ੍ਹਾਂ ਗਵਾਹੀ ਦਿੱਤੀ:**
  **"ਉਹ ਨੇ ਕੋਈ ਪਾਪ ਨਹੀਂ ਕੀਤਾ, ਨਾ ਉਹ ਦੇ ਮੂੰਹ ਵਿੱਚੋਂ ਵਲ ਛਲ ਦੀ ਗੱਲ ਨਿੱਕਲੀ।** ਉਹ ਗਾਲੀਆਂ ਖਾ ਕੇ ਗਾਲੀ ਨਾ ਦਿੰਦਾ ਸੀ ਅਤੇ ਦੁਖ ਪਾ ਕੇ ਦਬਕਾ ਨਾ ਦਿੰਦਾ ਸੀ ਸਗੋਂ ਆਪਣੇ ਆਪ ਨੂੰ ਉਹ ਦੇ ਹੱਥ ਸੌਂਪਦਾ ਸੀ ਜਿਹੜਾ ਜਥਾਰਥ ਨਿਆਉਂ ਕਰਦਾ ਹੈ।" (1 ਪਤਰਸ 2:22, 23)

**ਯਿਸੂ ਮਸੀਹ ਆਪਣੇ ਜਨਮ, ਜੀਵਨ, ਮੌਤ ਅਤੇ ਜੀ ਉੱਠਣ ਵਿੱਚ ਪੂਰੀ ਤਰ੍ਹਾਂ ਪਵਿੱਤਰ ਹੈ। ਅੱਜ ਤੱਕ ਕਿਸੇ ਨੇ ਵੀ ਉਸ ਵਿੱਚ ਕੋਈ ਪਾਪ ਨਹੀਂ ਪਾਇਆ। ਕੀ ਪਰਮੇਸ਼ੁਰ ਨੂੰ ਅਜਿਹਾ ਨਹੀਂ ਹੋਣਾ ਚਾਹੀਦਾ? ਉਸ ਦੀ ਤੁਲਨਾ ਕਿਸ ਨਾਲ ਕੀਤੀ ਜਾ ਸਕਦੀ ਹੈ? ਪ੍ਰਭੂ ਯਿਸੂ ਮਸੀਹ ਦੀ ਉਸਤਤ ਹੋਵੇ।**

~*~*~*~*~*~

**17-03-2013 ਨੂੰ ਸੰਯੁਕਤ ਕਰਨਾਟਕ, ਇੱਕ ਸੂਬੇ ਦੇ ਦੈਨਿਕ ਅਖ਼ਬਾਰ ਵਿੱਚ ਪ੍ਰਕਾਸ਼ਿਤ ਇੱਕ ਲੇਖ**

# 14. ਯਿਸੂ ਦੇ ਪਹਾੜੀ ਉਪਦੇਸ਼ ਦਾ ਸਾਰ

ਰਾਸ਼ਟਰ ਪਿਤਾ ਮਹਾਤਮਾ ਗਾਂਧੀ ਜੀ ਨੇ ਆਪਣੀ ਸਵੈ-ਜੀਵਨੀ 'ਮਾਈ ਐਕਸਪੀਰੀਮੈਂਟ ਵਿਦ ਟਰੁੱਥ' ਵਿੱਚ ਕਿਹਾ ਹੈ ਕਿ ਜਦੋਂ ਉਨ੍ਹਾਂ ਨੇ ਪਵਿੱਤਰ ਬਾਈਬਲ ਵਿੱਚੋਂ ਪਹਾੜੀ ਉਪਦੇਸ਼ ਪੜ੍ਹਿਆ ਤਾਂ ਇਸ ਨੇ ਉਨ੍ਹਾਂ ਦੇ ਦਿਲ ਨੂੰ ਗਹਿਰਾਈ ਨਾਲ ਛੂਹ ਲਿਆ। ਯਿਸੂ ਦੀਆਂ ਸਿੱਖਿਆਵਾਂ ਸਿਰਫ ਮਸੀਹੀ ਲੋਕਾਂ ਤੱਕ ਹੀ ਸੀਮਤ ਨਹੀਂ ਹਨ, ਸਗੋਂ ਹਰ ਵਿਅਕਤੀ ਲਈ ਜ਼ਰੂਰੀ ਹਨ।

**ਇੱਥੇ 'ਪਹਾੜੀ ਉਪਦੇਸ਼' ਦਾ ਸਾਰ ਦਿੱਤਾ ਗਿਆ ਹੈ ਜਿਸ ਨੇ ਮਹਾਤਮਾ ਗਾਂਧੀ ਨੂੰ ਪ੍ਰਭਾਵਿਤ ਕੀਤਾ ਸੀ ਅਤੇ ਉਨ੍ਹਾਂ ਨੂੰ ਭਾਰਤ ਨੂੰ ਅਜ਼ਾਦ ਕਰਨ ਲਈ ਅਹਿੰਸਾ ਦੇ ਰਸਤਿਆਂ ਨੂੰ ਅਪਣਾਉਣ ਲਈ ਮਜਬੂਰ ਕੀਤਾ ਸੀ।**

## ਧੰਨ ਕੌਣ ਹਨ ਅਤੇ ਉਹ ਕੀ ਪ੍ਰਾਪਤ ਕਰਦੇ ਹਨ?

**"ਧੰਨ ਓਹ ਜਿਹੜੇ ਦਿਲ ਦੇ ਗ਼ਰੀਬ ਹਨ ਕਿਉਂ ਜੋ ਸੁਰਗ ਦਾ ਰਾਜ ਉਨ੍ਹਾਂ ਦਾ ਹੈ।"**

**"ਧੰਨ ਓਹ ਜਿਹੜੇ ਸੋਗ ਕਰਦੇ ਹਨ ਕਿਉਂ ਜੋ ਓਹ ਸ਼ਾਂਤ ਕੀਤੇ ਜਾਣਗੇ।"**

**"ਧੰਨ ਓਹ ਜਿਹੜੇ ਹਲੀਮ ਹਨ ਕਿਉਂ ਜੋ ਓਹ ਧਰਤੀ ਦੇ ਵਾਰਸ ਹੋਣਗੇ।"**

**"ਧੰਨ ਓਹ ਜਿਹੜੇ ਧਰਮ ਦੇ ਭੁੱਖੇ ਹਨ ਤੇ ਤਿਹਾਏ ਹਨ ਕਿਉਂ ਜੋ ਓਹ ਰਜਾਏ ਜਾਣਗੇ।"**

**"ਧੰਨ ਓਹ ਜਿਹੜੇ ਜਿਹੜੇ ਦਯਾਵਾਨ ਹਨ ਕਿਉਂ ਜੋ ਉਨ੍ਹਾਂ ਉੱਤੇ ਦਯਾ ਕੀਤੀ ਜਾਵੇਗੀ।"**

**"ਧੰਨ ਓਹ ਜਿਹੜੇ ਸ਼ੁੱਧਮਨ ਹਨ ਕਿਉਂ ਜੋ ਓਹ ਪਰਮੇਸ਼ੁਰ ਨੂੰ ਵੇਖਣਗੇ।"**

**"ਧੰਨ ਓਹ ਜਿਹੜੇ ਮੇਲ ਕਰਾਉਣ ਵਾਲੇ ਹਨ ਕਿਉਂ ਜੋ ਓਹ ਪਰਮੇਸ਼ੁਰ ਦੇ ਪੁੱਤ੍ਰ ਕਹਾਉਣਗੇ।"**

**"ਧੰਨ ਓਹ ਜਿਹੜੇ ਧਰਮ ਦੇ ਕਾਰਨ ਸਤਾਏ ਗਏ ਹਨ ਕਿਉਂ ਜੋ ਸੁਰਗ ਦਾ ਰਾਜ ਉਨ੍ਹਾਂ ਦਾ ਹੈ।"**

## ਮਨੁੱਖ ਦਾ ਜੀਵਨ ਕਿਹੋ ਜਿਹਾ ਹੋਣਾ ਚਾਹੀਦਾ ਹੈ?

**(ਯਿਸੂ ਨੇ ਜਿਨ੍ਹਾਂ ਗੱਲਾਂ ਦਾ ਪਰਚਾਰ ਕੀਤਾ ਉਨ੍ਹਾਂ ਨੂੰ ਲਾਗੂ ਵੀ ਕੀਤਾ)**

"ਤੁਸੀਂ ਧਰਤੀ ਦੇ ਲੂਣ ਹੋ ਪਰ ਜੇ ਲੂਣ ਬੇਸੁਆਦ ਹੋ ਜਾਵੇ ਤਾਂ ਕਿਸ ਬਿਧ ਸਲੂਣਾ ਕੀਤਾ ਜਾਵੇਗਾ? ਉਹ ਫੇਰ ਕਿਸੇ ਕੰਮ ਦਾ ਨਹੀਂ ਪਰ ਇਹ ਕਿ ਬਾਹਰ ਸੁੱਟਿਆ ਅਤੇ ਮਨੁੱਖਾਂ ਦੇ ਪੈਰਾਂ ਹੇਠ ਮਿੱਧਿਆ ਜਾਵੇ।"

"ਤੁਸੀਂ ਜਗਤ ਦੇ ਚਾਨਣ ਹੋ। ਜਿਹੜਾ ਨਗਰ ਪਹਾੜ ਉੱਤੇ ਵੱਸਦਾ ਹੈ ਉਹ ਗੁੱਝਾ ਨਹੀਂ ਰਹਿ ਸੱਕਦਾ। ਅਤੇ ਦੀਵਾ ਬਾਲ ਕੇ ਟੋਪੇ ਦੇ ਹੇਠ ਨਹੀਂ ਸਗੋਂ ਦੀਵਟ ਉੱਤੇ ਰੱਖਦੇ ਹਨ ਤਾਂ ਉਹ ਸਭਨਾਂ ਨੂੰ ਜਿਹੜੇ ਘਰ ਵਿੱਚ ਹਨ ਚਾਨਣ ਦਿੰਦਾ ਹੈ। ਇਸੇ ਤਰਾਂ ਤੁਹਾਡਾ ਚਾਨਣ ਮਨੁੱਖਾਂ ਦੇ ਸਾਹਮਣੇ ਚਮਕੇ ਤਾਂ ਜੋ ਓਹ ਤੁਹਾਡੇ ਸ਼ੁਭ ਕਰਮ ਵੇਖ ਕੇ ਤੁਹਾਡੇ ਪਿਤਾ ਦੀ ਜਿਹੜਾ ਸੁਰਗ ਵਿੱਚ ਹੈ ਵਡਿਆਈ ਕਰਨ।"

"ਅਰ ਜੇ ਤੇਰੀ ਸੱਜੀ ਅੱਖ ਤੈਨੂੰ ਠੋਕਰ ਖੁਆਵੇ ਤਾਂ ਉਹ ਨੂੰ ਕੱਢ ਕੇ ਆਪਣੇ ਕੋਲੋਂ ਸੁੱਟ ਦਿਹ ਕਿਉਂ ਜੋ ਤੇਰੇ ਲਈ ਇਹੋ ਭਲਾ ਹੈ ਕਿ ਤੇਰੇ ਅੰਗਾਂ ਵਿੱਚੋਂ ਇਕ ਦਾ ਨਾਸ ਹੋਵੇ ਪਰ ਤੇਰਾ ਸਾਰਾ ਸਰੀਰ ਨਰਕ ਵਿਚ ਸੁੱਟਿਆ ਨਾ ਜਾਵੇ।"

"ਜਿੰਨਾ ਚਿਰ ਤੂੰ ਆਪਣੇ ਮੁਦਈ ਨਾਲ ਰਸਤੇ ਵਿੱਚ ਹੈਂ ਛੇਤੀ ਉਹ ਦੇ ਨਾਲ ਮਿਲਾਪ ਕਰ ਮਤੇ ਮੁਦਈ ਤੈਨੂੰ ਹਾਕਮ ਦੇ ਹਵਾਲੇ ਕਰੇ ਅਤੇ ਹਾਕਮ ਤੈਨੂੰ ਸਿਪਾਹੀ ਦੇ ਹਵਾਲੇ ਕਰੇ ਅਤੇ ਤੂੰ ਕੈਦ ਵਿੱਚ ਪੈ ਜਾਵੇਂ।"



"ਪਰ ਮੈਂ ਤੁਹਾਨੂੰ ਆਖਦਾ ਹਾਂ ਜੋ ਦੁਸ਼ਟ ਦਾ ਸਾਹਮਣਾ ਨਾ ਕਰਨਾ ਸਗੋਂ ਜੋ ਕੋਈ ਤੇਰੀ ਸੱਜੀ ਗੱਲ੍ਹ ਉੱਤੇ ਚਪੇੜ ਮਾਰੇ ਤੂੰ ਦੂਈ ਵੀ ਉਹ ਦੀ ਵੱਲ ਭੁਆ ਦਿਹ। ਅਤੇ ਜਿਹੜਾ ਤੇਰੇ ਉੱਤੇ ਨਾਲਸ਼ ਕਰ ਕੇ ਤੇਰਾ ਕੁੜਤਾ ਲੈਣਾ ਚਾਹੇ ਤਾਂ ਉਹ ਨੂੰ ਚਾਦਰ ਵੀ ਲੈਣ ਦਿਹ।"

"ਆਪਣੇ ਵੈਰੀਆਂ ਨਾਲ ਪਿਆਰ ਕਰੋ ਅਤੇ ਜੋ ਤੁਹਾਨੂੰ ਸਤਾਉਣ ਉਨ੍ਹਾਂ ਲਈ ਪ੍ਰਾਰਥਨਾ ਕਰੋ। ਤਾਂ ਜੋ ਤੁਸੀਂ ਆਪਣੇ ਪਿਤਾ ਦੇ ਜਿਹੜਾ ਸੁਰਗ ਵਿੱਚ ਹੈ ਪੁੱਤ੍ਰ ਹੋਵੋ।"

"ਜੇ ਤੁਸੀਂ ਉਨ੍ਹਾਂ ਨਾਲ ਹੀ ਪਿਆਰ ਕਰੋ ਜਿਹੜੇ ਤੁਹਾਡੇ ਨਾਲ ਪਿਆਰ ਕਰਦੇ ਹਨ ਤਾਂ ਤੁਹਾਡਾ ਕੀ ਫਲ ਹੈ? ਭਲਾ ਮਸੂਲੀਏ ਭੀ ਇਹੋ ਨਹੀਂ ਕਰਦੇ? ਕਿਉਂ ਜੋ ਉਹ (ਪਰਮੇਸ਼ੁਰ) ਆਪਣਾ ਸੂਰਜ ਬੁਰਿਆਂ ਅਤੇ ਭਲਿਆਂ ਉੱਤੇ ਚਾੜ੍ਹਦਾ ਹੈ ਅਤੇ ਧਰਮੀਆਂ ਅਤੇ ਕੁਧਰਮੀਆਂ ਉੱਤੇ ਮੀਂਹ ਵਰਸਾਉਂਦਾ ਹੈ।"

"ਖ਼ਬਰਦਾਰ, ਤੁਸੀਂ ਆਪਣੇ ਧਰਮ ਦੇ ਕੰਮ ਮਨੁੱਖਾਂ ਦੇ ਸਾਹਮਣੇ ਉਨ੍ਹਾਂ ਨੂੰ ਵਿਖਾਉਣ ਲਈ ਨਾ ਕਰੋ ਨਹੀਂ ਤਾਂ ਤੁਹਾਡੇ ਪਿਤਾ ਕੋਲ ਜਿਹੜਾ ਸੁਰਗ ਵਿੱਚ ਹੈ ਤੁਹਾਡਾ ਕੁਝ ਫਲ ਨਹੀਂ। ਪਰ ਜਾਂ ਤੂੰ ਦਾਨ ਕਰੇਂ ਤਾਂ ਜੋ ਕੁਝ ਤੇਰਾ ਸੱਜਾ ਹੱਥ ਕਰਦਾ ਹੈ ਤੇਰਾ ਖੱਬਾ ਹੱਥ ਨਾ ਜਾਣੇ। ਪਰ ਜਾਂ ਤੂੰ ਪ੍ਰਾਰਥਨਾ ਕਰੇਂ ਤਾਂ ਆਪਣੀ ਕੋਠੜੀ ਵਿੱਚ ਵੜ ਅਤੇ ਆਪਣਾ ਬੂਹਾ ਭੇੜ ਕੇ ਆਪਣੇ ਪਿਤਾ (ਪਰਮੇਸ਼ੁਰ) ਤੋਂ ਜਿਹੜਾ ਗੁਪਤ ਹੈ ਪ੍ਰਾਰਥਨਾ ਕਰ ਅਤੇ ਤੇਰਾ ਪਿਤਾ ਜਿਹੜਾ ਗੁਪਤ ਵਿੱਚ ਵੇਖਦਾ ਹੈ ਤੈਨੂੰ ਫਲ ਦੇਵੇਗਾ।"

"ਆਪਣੇ ਲਈ ਧਰਤੀ ਉੱਤੇ ਧਨ ਨਾ ਜੋੜੋ ਜਿੱਥੇ ਕੀੜਾ ਅਤੇ ਜੰਗਾਲ ਵਿਗਾੜਦਾ ਹੈ ਅਰ ਜਿੱਥੇ ਚੋਰ ਸੰਨ੍ਹ ਮਾਰਦੇ ਅਤੇ ਚੁਰਾਉਂਦੇ ਹਨ। ਪਰ ਸੁਰਗ ਵਿੱਚ ਆਪਣੇ ਲਈ ਧਨ ਜੋੜੋ ਜਿੱਥੇ ਨਾ ਕੀੜਾ ਨਾ ਜੰਗਾਲ ਵਿਗਾੜਦਾ ਹੈ ਅਰ ਜਿੱਥੇ ਚੋਰ ਨਾ ਸੰਨ੍ਹ ਮਾਰਦੇ ਨਾ ਚੁਰਾਉਂਦੇ ਹਨ। ਕਿਉਂਕਿ ਜਿੱਥੇ ਤੇਰਾ ਧਨ ਹੈ ਉੱਥੇ ਤੇਰਾ ਮਨ ਵੀ ਹੋਵੇਗਾ।"

"ਕੋਈ ਮਨੁੱਖ ਦੋ ਮਾਲਕਾਂ ਦੀ ਸੇਵਾ ਨਹੀਂ ਕਰ ਸੱਕਦਾ। ਤੁਸੀਂ ਪਰਮੇਸ਼ੁਰ ਅਤੇ ਮਾਯਾ ਦੋਹਾਂ ਦੀ ਸੇਵਾ ਨਹੀਂ ਕਰ ਸੱਕਦੇ ਹੋ। ਚੇਲਾ ਗੁਰੂ ਨਾਲੋਂ ਵੱਡਾ ਨਹੀਂ ਪਰ ਹਰੇਕ ਜਦ ਪੂਰਾ ਹੋ ਗਿਆ ਤਦ ਆਪਣੇ ਗੁਰੂ ਵਰਗਾ ਹੋਵੇਗਾ।"

"ਜੇ ਤੇਰੇ ਹੱਥ ਵੱਸ ਹੋਵੇ, ਤਾਂ ਜਿਨ੍ਹਾਂ ਦਾ ਹੱਕ ਹੈ ਉਨ੍ਹਾਂ ਦਾ ਭਲਾ ਕਰਨੋਂ ਨਾ ਰੁਕੀਂ। ਜੇ ਤੇਰੇ ਕੋਲ ਹੋਵੇ ਤਾਂ ਆਪਣੇ ਗੁਆਂਢੀ ਨੂੰ ਇਹ ਨਾ ਆਖੀਂ, 'ਭਈ ਤੂੰ ਜਾਹ, ਫੇਰ ਆਵੀਂ।'"

"ਜਾਂ ਕੋਈ ਤੈਨੂੰ ਵਿਆਹ ਵਿੱਚ ਨਿਉਤਾ ਦੇਵੇ ਤਾਂ ਉੱਚੀ ਥਾਂ ਨਾ ਬੈਠ। ਕੀ ਜਾਣੀਏ ਕਿ ਓਨ ਤੇਰੇ ਨਾਲੋਂ ਕਿਸੇ ਆਦਰ ਵਾਲੇ ਨੂੰ ਨਿਉਤਾ ਦਿੱਤਾ ਹੋਵੇ। ਅਰ ਜਿਸ ਨੇ ਤੈਨੂੰ ਅਤੇ ਉਸ ਨੂੰ ਨਿਉਤਾ ਦਿੱਤਾ ਹੈ ਸੋ ਆਣ ਕੇ ਤੈਨੂੰ ਆਖੇ ਕਿ 'ਇਹ ਨੂੰ ਜਗ੍ਹਾ ਦਿਹ' ਅਰ ਤਦ ਤੈਨੂੰ ਸ਼ਰਮਿੰਦਗੀ ਨਾਲ ਸਭ ਤੋਂ ਨੀਵੀਂ ਥਾਂ ਬੈਠਣਾ ਪਵੇ।

ਪਰ ਜਾਂ ਤੈਨੂੰ ਨਿਉਤਾ ਦਿੱਤਾ ਜਾਵੇ ਤਾਂ ਸਭ ਤੋਂ ਨੀਵੀਂ ਥਾਂ ਜਾ ਬੈਠ, ਫੇਰ ਜਿਹ ਨੇ ਤੈਨੂੰ ਨਿਉਤਾ ਦਿੱਤਾ ਹੈ ਜਦ ਉਹ ਆਵੇ ਤਦ ਤੈਨੂੰ ਆਖੇ, 'ਮਿੱਤ੍ਰਾ, ਅੱਗੇ ਆ ਜਾਹ' ਤਾਂ ਉਨ੍ਹਾਂ ਸਭਨਾਂ ਦੇ ਸਾਹਮਣੇ ਜੋ ਤੇਰੇ ਨਾਲ ਖਾਣ ਬੈਠੇ ਹਨ ਤੇਰਾ ਆਦਰ ਹੋਵੇਗਾ। ਕਿਉਂਕਿ ਹਰੇਕ ਜੋ ਆਪਣੇ ਆਪ ਨੂੰ ਉੱਚਾ ਕਰਦਾ ਹੈ ਸੋ ਨੀਵਾਂ ਕੀਤਾ ਜਾਵੇਗਾ ਅਤੇ ਜੋ ਆਪਣੇ ਆਪ ਨੂੰ ਨੀਵਾਂ ਕਰਦਾ ਹੈ ਸੋ ਉੱਚਾ ਕੀਤਾ ਜਾਵੇਗਾ।"

"ਦੋਸ਼ ਨਾ ਲਾਓ ਤਾਂ ਜੋ ਤੁਹਾਡੇ ਉੱਤੇ ਦੋਸ਼ ਲਾਇਆ ਨਾ ਜਾਏ। ਜੇ ਅੰਨ੍ਹਾ ਅੰਨ੍ਹੇ ਦਾ ਆਗੂ ਹੋਵੇ ਤਾਂ ਦੋਵੇਂ ਟੋਏ ਵਿੱਚ ਡਿੱਗਣਗੇ। ਹੇ ਕਪਟੀ ਪਹਿਲਾਂ ਉਸ ਸ਼ਤੀਰ ਨੂੰ ਆਪਣੀ ਅੱਖੋਂ ਕੱਢ ਤਾਂ ਚੰਗੀ ਤਰਾਂ ਵੇਖ ਕੇ ਤੂੰ ਉਸ ਕੱਖ ਨੂੰ ਆਪਣੇ ਭਾਈ ਦੀ ਅੱਖੋਂ ਕੱਢ ਸੱਕੇਂਗਾ।"

"ਕਿਉਂਕਿ ਜੇ ਤੁਸੀਂ ਮਨੁੱਖਾਂ ਨੂੰ ਉਨ੍ਹਾਂ ਦੇ ਅਪਰਾਧ ਮਾਫ਼ ਕਰ ਦਿਓ ਤਾਂ ਤੁਹਾਡਾ ਸੁਰਗੀ ਪਿਤਾ ਤੁਹਾਨੂੰ ਵੀ ਮਾਫ਼ ਕਰ ਦੇਵੇਗਾ। ਸੋ ਜੋ ਕੁਝ ਤੁਸੀਂ ਚਾਹੁੰਦੇ ਹੋ ਜੋ ਮਨੁੱਖ ਤੁਹਾਡੇ ਨਾਲ ਕਰਨ ਤੁਸੀਂ ਵੀ ਉਨ੍ਹਾਂ ਨਾਲ ਓਵੇਂ ਹੀ ਕਰੋ।"

"ਨਾ ਹਰੇਕ ਜਿਹੜਾ ਮੈਨੂੰ ਪ੍ਰਭੂ! ਪ੍ਰਭੂ! ਕਹਿੰਦਾ ਹੈ ਸੁਰਗ ਦੇ ਰਾਜ ਵਿਚ ਵੜੇਗਾ ਬਲਕਣ ਉਹੋ ਜੋ ਮੇਰੇ ਸੁਰਗੀ ਪਿਤਾ (ਪਰਮੇਸ਼ੁਰ) ਦੀ ਮਰਜ਼ੀ ਉੱਤੇ ਚੱਲਦਾ ਹੈ। ਸੋ ਹਰੇਕ ਜੋ ਮੇਰੇ ਏਹ ਬਚਨ ਸੁਣਦਾ ਅਤੇ ਉਨ੍ਹਾਂ ਉੱਤੇ ਚੱਲਦਾ ਹੈ ਉਹ ਉਸ ਬੁੱਧਵਾਨ ਵਰਗਾ ਜਾਣਿਆ ਜਾਵੇਗਾ ਜਿਹ ਨੇ ਪੱਥਰ ਉੱਤੇ ਆਪਣਾ ਘਰ ਬਣਾਇਆ।"

"ਅਤੇ ਤੁਹਾਡੇ ਵਿੱਚੋਂ ਕਿਹੜਾ ਹੈ ਜਿਹੜਾ ਚਿੰਤਾ ਕਰ ਕੇ ਆਪਣੀ ਉਮਰ ਨੂੰ ਇੱਕ ਪਲ ਵਧਾ ਸੱਕਦਾ ਹੈ? ਅਕਾਸ਼ ਦੇ ਪੰਛੀਆਂ ਵੱਲ ਧਿਆਨ ਕਰੋ ਜੋ ਓਹ ਨਾ ਬੀਜਦੇ ਨਾ ਵੱਢਦੇ ਹਨ ਅਤੇ ਨਾ ਭੜੋਲਿਆਂ ਵਿੱਚ ਇਕੱਠੇ ਕਰਦੇ ਹਨ ਅਰ ਤੁਹਾਡਾ ਸੁਰਗੀ ਪਿਤਾ ਉਨ੍ਹਾਂ ਦੀ ਪਿਰਤਪਾਲ ਕਰਦਾ ਹੈ। ਭਲਾ, ਤੁਸੀਂ ਉਨ੍ਹਾਂ ਨਾਲੋਂ ਉੱਤਮ ਨਹੀਂ ਹੋ? ਪਰ ਤੁਸੀਂ ਪਹਿਲਾਂ ਉਹ ਦੇ ਰਾਜ ਅਤੇ ਉਹ ਦੇ ਧਰਮ ਨੂੰ ਭਾਲੋ ਤਾਂ ਤੁਹਾਨੂੰ ਏਹ ਸਾਰੀਆਂ ਵਸਤਾਂ ਵੀ ਦਿੱਤੀਆਂ ਜਾਣਗੀਆਂ।"

(ਮੱਤੀ ਅਧਿਆਇ 5 ਅਤੇ ਲੂਕਾ ਅਧਿਆਇ 6)

## ਪ੍ਰਾਰਥਨਾ ਕਿਵੇਂ ਕਰਨੀ ਹੈ

"ਹੇ ਸਾਡੇ ਪਿਤਾ, ਜਿਹੜਾ ਸੁਰਗ ਵਿੱਚ ਹੈਂ, ਤੇਰਾ ਨਾਮ ਪਾਕ ਮੰਨਿਆ ਜਾਵੇ, ਤੇਰਾ ਰਾਜ ਆਵੇ, ਤੇਰੀ ਮਰਜ਼ੀ ਜਿਹੀ ਸੁਰਗ ਵਿੱਚ ਪੂਰੀ ਹੁੰਦੀ ਹੈ ਜਮੀਨ ਉੱਤੇ ਵੀ ਹੋਵੇ। ਸਾਡੀ ਰੋਜ ਦੀ ਰੋਟੀ ਅੱਜ ਸਾਨੂੰ ਦਿਹ ਅਤੇ ਸਾਡੇ ਕਰਜ਼ ਸਾਨੂੰ ਮਾਫ਼ ਕਰ, ਜਿਵੇਂ ਅਸਾਂ ਵੀ ਆਪਣੇ ਕਰਜਾਈਆਂ ਨੂੰ ਮਾਫ਼ ਕੀਤਾ ਹੈ ਅਤੇ ਸਾਨੂੰ ਪਰਤਾਵੇ ਵਿੱਚ ਨਾ ਲਿਆ, ਸਗੋਂ ਬੁਰਿਆਈ ਤੋਂ ਬਚਾ ਕਿਉਂਕਿ ਰਾਜ, ਸਮਰੱਥਾ ਅਤੇ ਮਹਿਮਾ ਸਦਾ ਤੇਰੀ ਹੈ। ਆਮੀਨ।"



**02-04-2013 ਨੂੰ ਪਵਨਾ ਸ਼ਿਵਾਮੋਗਾ ਸਥਾਨਕ ਦੈਨਿਕ ਅਖ਼ਬਾਰ ਵਿੱਚ ਪ੍ਰਕਾਸ਼ਿਤ ਇੱਕ ਲੇਖ**

# 15. ਯਿਸੂ ਦੁਆਰਾ ਕੀਤੇ ਗਏ 37 ਮਹੱਤਵਪੂਰਣ ਚਮਤਕਾਰ



**ਜੇਕਰ ਮੈਂ ਸਿਰਫ ਉਸ ਦੇ ਕੱਪੜੇ ਦੇ ਪੱਲੇ ਨੂੰ ਛੂਹ ਲਵਾਂਗੀ ਤਾਂ ਮੈਂ ਠੀਕ ਹੋ ਜਾਵਾਂਗੀ**

2023 ਸਾਲ ਪਹਿਲਾਂ ਯਿਸੂ ਮਸੀਹ ਦਾ ਜਨਮ (ਦੇਹ ਧਾਰੀ ਹੋਣਾ) ਇਸ ਸੰਸਾਰ ਵਿੱਚ ਹੋਇਆ ਸੀ ਅਤੇ ਉਹ ਇਸ ਧਰਤੀ ਦੇ ਲੋਕਾਂ ਵਿੱਚ ਸਾਢੇ 33 ਸਾਲ ਰਹੇ ਸਨ। ਉਸ ਦੇ ਸਾਢੇ 3 ਸਾਲਾਂ ਦੇ ਕਾਰਜਕਾਲ ਦੌਰਾਨ ਉਸ ਦੁਆਰਾ ਕੀਤੇ ਗਏ 37 ਮਹੱਤਵਪੂਰਣ ਚਮਤਕਾਰ ਪਵਿੱਤਰ ਬਾਈਬਲ ਵਿੱਚ ਹੇਠ ਲਿਖੇ ਅਨੁਸਾਰ ਦਰਜ ਹਨ।

1. ਕਾਨਾ ਵਿੱਚ ਇੱਕ ਵਿਆਹ ਦੇ ਦੌਰਾਨ ਜਦੋਂ ਮੈ ਮੁੱਕ ਗਈ ਸੀ, ਤਾਂ ਯਿਸੂ ਮਸੀਹ ਨੇ ਪੱਥਰ ਦੇ ਛੇ ਮੱਟ ਜਿਨ੍ਹਾਂ ਵਿੱਚ ਦੋ ਤੋਂ ਤਿੰਨ ਮਣ ਪਾਣੀ ਪੈਂਦਾ ਸੀ ਉਸ ਪਾਣੀ ਨੂੰ ਮੈ ਵਿੱਚ ਬਦਲ ਦਿੱਤਾ। (ਯੂਹੰਨਾ 2:1-11)
2. ਕਾਨਾ ਵਿੱਚ ਸ਼ਾਹੀ ਮੁਸਾਹਿਬ ਦਾ ਪੁੱਤਰ ਬਿਮਾਰ ਪੈ ਗਿਆ ਅਤੇ ਉਸੇ ਪਲ ਯਿਸੂ ਨੇ ਉਸ ਨੂੰ ਕਿਹਾ, "ਜਾਹ ਤੇਰਾ ਪੁੱਤ੍ਰ ਜੀਉਂਦਾ ਹੈ।" ਉਹ ਠੀਕ ਹੋ ਗਿਆ ਸੀ। (ਯੂਹੰਨਾ 4:43-54)
3. ਸਮਾਜ ਵਿੱਚ ਇੱਕ ਮਨੁੱਖ ਸੀ ਜਿਹ ਨੂੰ ਭ੍ਰਿਸ਼ਟ ਭੂਤ ਦਾ ਆਤਮਾ ਚਿੰਬੜਿਆ ਹੋਇਆ ਸੀ ਅਤੇ ਉਹ ਉੱਚੀ ਅਵਾਜ਼ ਨਾਲ ਬੋਲਿਆ। "ਹਾਏ ਯਿਸੂ ਨਾਸਰੀ! ਤੇਰਾ ਸਾਡੇ ਨਾਲ ਕੀ ਕੰਮ? ਕੀ ਤੂੰ ਸਾਡਾ ਨਾਸ ਕਰਨ ਆਇਆ ਹੈਂ? ਮੈਂ ਤੈਨੂੰ ਜਾਣਦਾ ਹਾਂ ਜੋ ਤੂੰ ਕੌਣ ਹੈਂ। ਤੂੰ ਪਰਮੇਸ਼ੁਰ ਦਾ ਪਵਿੱਤ੍ਰ ਪੁਰਖ ਹੈਂ!" ਤਾਂ ਯਿਸੂ ਨੇ ਉਹ ਨੂੰ ਵਰਜ ਕੇ ਕਿਹਾ, "ਚੁੱਪ ਕਰ ਅਤੇ ਇਸ ਵਿੱਚੋਂ ਨਿੱਕਲ ਜਾਹ!" ਸੋ ਉਹ ਭੂਤ ਉਸ ਨੂੰ ਵਿਚਕਾਰ ਪਟਕ ਕੇ ਬਿਨਾ ਸੱਟ ਲਾਏ ਉਸ ਦੇ ਅੰਦਰੋਂ ਨਿੱਕਲ ਗਿਆ। (ਲੂਕਾ 4:31-36)
4. ਯਿਸੂ ਨੇ ਪਤਰਸ ਦੇ ਘਰ ਵਿਚ ਆਣ ਕੇ ਉਹ ਦੀ ਸੱਸ ਨੂੰ ਤਾਪ ਨਾਲ ਪਈ ਹੋਈ ਵੇਖਿਆ। ਅਤੇ ਉਸ ਨੇ ਉਹ ਦਾ ਹੱਥ ਛੋਹਿਆ ਅਤੇ ਉਹ ਦਾ ਤਾਪ ਲਹਿ ਗਿਆ ਅਰ ਉਹ ਨੇ ਉੱਠ ਕੇ ਉਸ ਦੀ ਖ਼ਾਤਰ ਕੀਤੀ। (ਮੱਤੀ 8:14-15)

5. ਅਤੇ ਜਾਂ ਸੰਝ ਹੋਈ ਉਸ ਦੇ ਕੋਲ ਬਹੁਤਿਆਂ ਨੂੰ ਲਿਆਏ ਜਿਨ੍ਹਾਂ ਨੂੰ ਭੂਤ ਚਿੰਬੜੇ ਹੋਏ ਸਨ ਅਤੇ ਉਸ ਨੇ ਬਚਨ ਨਾਲ ਰੂਹਾਂ ਨੂੰ ਕੱਢ ਦਿੱਤਾ ਅਰ ਸਾਰੇ ਰੋਗੀਆਂ ਨੂੰ ਚੰਗਿਆਂ ਕੀਤਾ। *(ਮੱਤੀ 8:16)*
6. ਜਦੋਂ ਪਤਰਸ, ਇੱਕ ਮਛਿਆਰਾ, ਹਾਲਾਂਕਿ ਸਾਰੀ ਰਾਤ ਮਿਹਨਤ ਕਰਦਾ ਰਿਹਾ, ਕੋਈ ਮੱਛੀ ਨਾ ਫੜ ਸਕਿਆ, ਨਿਰਾਸ਼ ਹੋ ਗਿਆ। ਫਿਰ ਯਿਸੂ ਮਸੀਹ ਨੇ ਆਪਣੀ ਬੇੜੀ ਤੇ ਖੜ੍ਹੇ ਹੋ ਕੇ ਲੋਕਾਂ ਨੂੰ ਪ੍ਰਚਾਰ ਕੀਤਾ, ਯਿਸੂ ਦੇ ਕਹਿਣ ਤੇ ਪਤਰਸ ਨੇ ਜਾਲ ਸੁੱਟਿਆ ਅਤੇ ਬਹੁਤ ਸਾਰੀਆਂ ਮੱਛੀਆਂ ਫੜੀਆਂ। *(ਲੂਕਾ 5:1-6)*
7. ਜਦੋਂ ਇੱਕ ਮਨੁੱਖ ਕੋੜ੍ਹ ਦਾ ਭਰਿਆ ਹੋਇਆ ਸੀ ਯਿਸੂ ਨੂੰ ਵੇਖ ਕੇ ਮੂੰਹ ਦੇ ਭਾਰ ਡਿੱਗਿਆ ਅਰ ਉਸ ਅੱਗੇ ਬੇਨਤੀ ਕਰ ਕੇ ਕਿਹਾ, "ਪ੍ਰਭੂ ਜੀ ਜੇ ਤੂੰ ਚਾਹੇਂ ਤਾਂ ਮੈਨੂੰ ਸ਼ੁੱਧ ਕਰ ਸੱਕਦਾ ਹੈਂ।" ਤਾਂ ਯਿਸੂ ਨੇ ਹੱਥ ਲੰਮਾ ਕਰ ਕੇ ਉਹ ਨੂੰ ਛੋਹਿਆ ਅਤੇ ਆਖਿਆ, "ਮੈਂ ਚਾਹੁੰਦਾ ਹਾਂ, ਤੂੰ ਸ਼ੁੱਧ ਹੋ ਜਾਹ ਅਰ ਝੱਟ ਉਹ ਦਾ ਕੋੜ੍ਹ ਜਾਂਦਾ ਰਿਹਾ!" *(ਲੂਕਾ 5:12-13)*
8. ਇੱਕ ਸੂਬੇਦਾਰ ਉਸ ਕੋਲ ਆਇਆ ਅਤੇ ਉਹ ਦੀ ਮਿੰਨਤ ਕਰ ਕੇ ਕਿਹਾ, "ਪ੍ਰਭੂ ਜੀ ਮੇਰਾ ਨੌਕਰ ਝੋਲੇ ਦਾ ਮਾਰਿਆ ਘਰ ਵਿਚ ਵੱਡਾ ਦੁਖੀ ਪਿਆ ਹੈ।" "ਪ੍ਰਭੂ ਜੀ ਮੈਂ ਇਸ ਜੋਗ ਨਹੀਂ ਜੋ ਤੂੰ ਮੇਰੀ ਛੱਤ ਦੇ ਹੇਠ ਆਵੇਂ ਪਰ ਨਿਰਾ ਬਚਨ ਹੀ ਕਰ ਤਾਂ ਮੇਰਾ ਨੌਕਰ ਚੰਗਾ ਹੋ ਜਾਊ।" ਤਾਂ ਯਿਸੂ ਨੇ ਸੂਬੇਦਾਰ ਨੂੰ ਕਿਹਾ, "ਜਾਹ, ਜਿਹੀ ਤੈਂ ਨਿਹਚਾ ਕੀਤੀ ਤੇਰੇ ਲਈ ਤਿਹਾ ਹੀ ਹੋਵੇ" ਅਤੇ ਉਹ ਨੌਕਰ ਉਸੇ ਘੜੀ ਚੰਗਾ ਹੋ ਗਿਆ। *(ਮੱਤੀ 8:5-13)*
9. ਯਿਸੂ ਮਸੀਹ ਨੇ ਉਸ ਅਧਰੰਗੀ ਆਦਮੀ ਵੱਲ ਵੇਖਿਆ ਜੋ ਉਸ ਕੋਲ ਲਿਆਂਦਾ ਗਿਆ ਸੀ ਅਤੇ ਕਿਹਾ ਕਿ ਉੱਠ ਆਪਣੀ ਮੰਜੀ ਚੁੱਕ ਕੇ ਘਰ ਚੱਲਿਆ ਜਾਹ। ਤਾਂ ਉਹ ਉੱਠ ਕੇ ਆਪਣੇ ਘਰ ਨੂੰ ਤੁਰ ਪਿਆ। *(ਮੱਤੀ 9:2-8)*
10. ਯਿਸੂ ਮਸੀਹ ਨੇ ਇੱਕ ਮਨੁੱਖ ਨੂੰ ਜਿਹ ਦਾ ਹੱਥ ਸੁੱਕਿਆ ਹੋਇਆ ਸੀ ਵੇਖਿਆ ਅਤੇ ਉਸ ਮਨੁੱਖ ਨੂੰ ਕਿਹਾ, "ਆਪਣਾ ਹੱਥ ਲੰਮਾ ਕਰ।" ਤਾਂ ਉਸ ਨੇ ਲੰਮਾ ਕੀਤਾ ਅਤੇ ਉਸ ਦਾ ਹੱਥ ਫੇਰ ਚੰਗਾ ਹੋ ਗਿਆ। *(ਮਰਕੁਸ 3:1-6)*
11. ਜਦੋਂ ਵਿਧਵਾ ਦਾ ਇਕਲੌਤਾ ਪੁੱਤਰ ਮਰ ਗਿਆ ਤਾਂ ਯਿਸੂ ਨੂੰ ਤਰਸ ਆਇਆ ਅਤੇ ਸਿੜ੍ਹੀ ਜਾਂ ਤਾਬੂਤ ਨੂੰ ਛੂਹ ਕੇ ਕਿਹਾ, "ਹੇ ਜੁਆਨ ਮੈਂ ਤੈਨੂੰ ਆਖਦਾ ਹਾਂ, ਉੱਠ!" ਤਾਂ ਉਹ ਮੁਰਦਾ ਉੱਠ ਬੈਠਾ ਅਤੇ ਬੋਲਣ ਲੱਗ ਪਿਆ। *(ਲੂਕਾ 7:11-17)*
12. ਤਦ ਵੱਡੀ ਅਨ੍ਹੇਰੀ ਵਗੀ ਅਤੇ ਲਹਿਰਾਂ ਬੇੜੀ ਪੁਰ ਐਥੋਂ ਤੀਕਰ ਲੱਗ ਗਈਆਂ ਲਿਆਏ ਅਤੇ ਉਸ ਨੇ ਉਹ ਨੂੰ ਅਜਿਹਾ ਚੰਗਾ ਕੀਤਾ ਜੋ ਗੂੰਗਾ ਬੋਲਣ ਵੇਖਣ



ਜੋ ਬੇੜੀ ਪਾਣੀ ਨਾਲ ਭਰ ਚੱਲੀ ਸੀ। ਤਦ ਯਿਸੂ ਨੇ ਉੱਠ ਕੇ ਪੌਣ ਨੂੰ ਦਬਕਾ ਦਿੱਤਾ ਅਤੇ ਝੀਲ ਨੂੰ ਕਿਹਾ, "ਚੁੱਪ ਕਰ ਥੰਮ੍ਹ ਜਾਹ!" ਤਾਂ ਪੌਣ ਥੰਮ੍ਹ ਗਈ ਅਤੇ ਵੱਡਾ ਚੈਨ ਹੋ ਗਿਆ। *(ਮਰਕੁਸ 4:35-41)*
13. ਗਿਰਸੇਨੀਆਂ ਦੇ ਦੇਸ ਵਿੱਚ ਇੱਕ ਮਨੁੱਖ ਜਿਹ ਦੇ ਵਿੱਚ ਭਰਿਸ਼ਟ ਆਤਮਾ ਕਬਰਾਂ ਵਿੱਚ ਰਹਿੰਦਾ ਸੀ। ਜਦੋਂ ਉਸ ਨੇ ਯਿਸੂ ਨੂੰ ਦੂਰੋਂ ਡਿੱਠਾ ਤਾਂ ਦੌੜ ਕੇ ਆਇਆ ਅਤੇ ਉਹ ਨੂੰ ਮੱਥਾ ਟੇਕਿਆ ਅਰ ਉੱਚੀ ਅਵਾਜ਼ ਨਾਲ ਪੁਕਾਰ ਕੇ ਬੋਲਿਆ, "ਹੇ ਯਿਸੂ ਮਹਾਂ ਪਰਮੇਸ਼ੁਰ ਦੇ ਪੁੱਤ੍ਰ, ਤੇਰਾ ਮੇਰੇ ਨਾਲ ਕੀ ਕੰਮ? ਮੈਂ ਤੈਨੂੰ ਪਰਮੇਸ਼ੁਰ ਦੀ ਸੌਂਹ ਦਿੰਦਾ ਹਾਂ, ਮੈਨੂੰ ਦੁਖ ਨਾ ਦਿਹ!" ਯਿਸੂ ਨੇ ਉਹ ਨੂੰ ਕਿਹਾ ਕਿ "ਹੇ ਭ੍ਰਿਸ਼ਟ ਆਤਮਾ, ਇਸ ਮਨੁੱਖ ਵਿੱਚੋਂ ਨਿੱਕਲ ਜਾਹ!" ਤਦ ਉਹ ਮਨੁੱਖ ਭੂਤਾਂ ਦੇ ਲਸ਼ਕਰ ਤੋਂ ਮੁਕਤ ਹੋ ਗਿਆ ਅਤੇ ਉਸ ਦਾ ਦਿਮਾਗ ਸਹੀ ਹੋ ਗਿਆ। *(ਮਰਕੁਸ 5:1-20)*
14. ਇੱਕ ਜਨਾਨੀ ਜਿਹ ਨੂੰ ਬਾਰਾਂ ਵਰਿਹਾਂ ਤੋਂ ਲਹੂ ਆਉਂਦਾ ਸੀ ਭੀੜ ਵਿੱਚ ਪਿੱਛੋਂ ਦੀ ਹੋ ਕੇ ਆਈ ਅਤੇ ਯਿਸੂ ਦਾ ਕੱਪੜਾ ਛੋਹ ਲਿਆ ਅਤੇ ਉਸ ਆਖਿਆ, "ਜੇ ਮੈਂ ਨਿਰਾ ਉਹ ਦੇ ਕੱਪੜੇ ਨੂੰ ਹੀ ਛੋਹਾਂ ਤਾਂ ਚੰਗੀ ਹੋ ਜਾਵਾਂਗੀ।" ਅਤੇ ਓਵੇਂ ਉਸ ਦੇ ਲਹੂ ਦਾ ਬਹਾਉ ਸੁੱਕ ਗਿਆ। *(ਮਰਕੁਸ 5:21-34)*
15. ਸਮਾਜ ਦੇ ਸਰਦਾਰ ਜੈਰੁਸ ਦੀ ਧੀ, ਯਿਸੂ ਦੇ ਘਰ ਪਹੁੰਚਣ ਤੋਂ ਪਹਿਲਾਂ ਹੀ ਮਰ ਗਈ ਸੀ। ਜਦੋਂ ਯਿਸੂ ਉਸ ਦੇ ਘਰ ਪਹੁੰਚਿਆ, ਉਸ ਨੇ ਉਸ ਦਾ ਹੱਥ ਫ਼ੜ ਕੇ ਉਸ ਨੂੰ ਕਿਹਾ, "ਤਲੀਥਾ ਕੂਮੀ" ਜਿਹ ਦਾ ਅਰਥ ਇਹ ਹੈ ਕਿ "ਹੇ ਕੰਨਿਆ, ਮੈਂ ਤੈਨੂੰ ਆਖਦਾ ਹਾਂ, ਉੱਠ!" ਉਹ ਕੁੜੀ ਝੱਟ ਉੱਠ ਖੜੀ ਹੋਈ ਅਰ ਤੁਰਨ ਫਿਰਨ ਲੱਗੀ। *(ਮਰਕੁਸ 5:35-43)*
16. ਦੋ ਅੰਨ੍ਹੇ ਯਿਸੂ ਦੇ ਮਗਰ ਹਾਕਾਂ ਮਾਰਦੇ ਆਏ ਅਤੇ ਬੋਲੇ, "ਹੇ ਦਾਊਦ ਦੇ ਪੁੱਤ੍ਰ, ਸਾਡੇ ਉੱਤੇ ਦਯਾ ਕਰ!" ਯਿਸੂ ਨੇ ਉਨ੍ਹਾਂ ਦੀਆਂ ਅੱਖੀਆਂ ਛੋਹੀਆਂ ਅਤੇ ਉਨ੍ਹਾਂ ਦੀਆਂ ਅੱਖੀਆਂ ਖੁੱਲ੍ਹ ਗਈਆਂ। *(ਮੱਤੀ 9:27-30)*
17. ਇੱਕ ਗੂੰਗੇ ਨੂੰ ਜਿਹ ਨੂੰ ਭੂਤ ਚਿੰਬੜਿਆ ਹੋਇਆ ਸੀ ਯਿਸੂ ਦੇ ਕੋਲ ਲਿਆਏ। ਅਤੇ ਜਦ ਭੂਤ ਕੱਢਿਆ ਗਿਆ ਤਦ ਗੂੰਗਾ ਬੋਲਣ ਲੱਗ ਪਿਆ। *(ਮੱਤੀ 9:32-34)*
18. ਬੇਥਜ਼ਥਾ ਤਲਾਬ ਦੇ ਨੇੜੇ ਇੱਕ ਮਨੁੱਖ ਸੀ ਜੋ 38 ਸਾਲਾਂ ਤੋਂ ਆਪਣੇ ਰੋਗ ਦਾ ਮਾਰਿਆ ਹੋਇਆ ਸੀ। ਯਿਸੂ ਨੇ ਉਸ ਨੂੰ ਵੇਖਿਆ ਅਤੇ ਪੁੱਛਿਆ, "ਕੀ ਤੂੰ ਚੰਗਾ ਹੋਣਾ ਚਾਹੁੰਦਾ ਹੈਂ?" ਯਿਸੂ ਨੇ ਉਹ ਨੂੰ ਆਖਿਆ, "ਉੱਠ, ਆਪਣੀ ਮੰਜੀ ਚੁੱਕ ਕੇ ਤੁਰ ਪਉ!" ਅਤੇ ਓਵੇਂ ਉਹ ਮਨੁੱਖ ਚੰਗਾ ਹੋ ਗਿਆ ਅਤੇ ਆਪਣੀ ਮੰਜੀ ਚੁੱਕ ਕੇ ਤੁਰਨ ਲੱਗਾ। *(ਯੂਹੰਨਾ 5:1-9)*

19. ਯਿਸੂ ਦੇ ਮਗਰ ਵੱਡੀ ਭੀੜ ਸੀ। ਉਸ ਨੇ ਉਨ੍ਹਾਂ ਉੱਤੇ ਤਰਸ ਖਾ ਕੇ ਉਨ੍ਹਾਂ ਦੇ ਰੋਗੀਆਂ ਨੂੰ ਚੰਗਾ ਕੀਤਾ। ਜਾਂ ਸੰਝ ਹੋਈ ਉੱਥੇ ਸਿਰਫ ਪੰਜ ਰੋਟੀਆਂ ਅਤੇ ਦੋ ਮੱਛੀਆਂ ਸਨ। ਯਿਸੂ ਨੇ ਉਨ੍ਹਾਂ ਪੰਜਾਂ ਰੋਟੀਆਂ ਅਤੇ ਦੋਹਾਂ ਮੱਛੀਆਂ ਨੂੰ ਲੈ ਲਿਆ ਅਰ ਅਕਾਸ਼ ਵੱਲ ਵੇਖ ਕੇ ਬਰਕਤ ਦਿੱਤੀ ਅਤੇ ਰੋਟੀਆਂ ਤੋੜ ਕੇ ਚੇਲਿਆਂ ਨੂੰ ਦਿੱਤੀਆਂ ਅਰ ਚੇਲਿਆਂ ਨੇ ਲੋਕਾਂ ਨੂੰ ਦਿੱਤੀਆਂ। ਓਹ ਸੱਭੇ ਖਾ ਕੇ ਰੱਜ ਗਏ ਅਤੇ ਉਨ੍ਹਾਂ ਨੇ ਬਚਿਆਂ ਹੋਇਆਂ ਟੁਕੜਿਆਂ ਨਾਲ ਬਾਰਾਂ ਟੋਕਰੀਆਂ ਭਰੀਆਂ ਹੋਈਆਂ ਚੁੱਕ ਲਈਆਂ। ਖਾਣ ਵਾਲੇ ਜਨਾਨੀਆਂ ਅਤੇ ਬਾਲਕਾਂ ਬਿਨਾਂ ਪੰਜਕੁ ਹਜ਼ਾਰ ਮਰਦ ਸਨ। (ਮੱਤੀ 14:13-21)

20. ਜਾਂ ਚੇਲਿਆਂ ਨੇ ਉਹ ਨੂੰ ਝੀਲ ਤੇ ਤੁਰਦਿਆਂ ਵੇਖਿਆ ਤਾਂ ਡਰ ਕੇ ਡਿਆ ਉੱਠੇ। ਪਤਰਸ ਨੇ ਆਖਿਆ, "ਪ੍ਰਭੂ ਜੀ, ਜੇ ਤੂੰ ਹੈਂ ਤਾਂ ਮੈਨੂੰ ਪਾਣੀ ਦੇ ਉੱਤੋਂ ਦੀ ਆਪਣੇ ਕੋਲ ਆਉਣ ਦੀ ਅਗਿਆ ਦਿਹ।" ਯਿਸੂ ਨੇ ਆਖਿਆ, "ਆ", ਅਤੇ ਪਤਰਸ ਬੇੜੀਓਂ ਉੱਤਰ ਕੇ ਯਿਸੂ ਦੇ ਕੋਲ ਜਾਣ ਨੂੰ ਪਾਣੀ ਉੱਤੇ ਤੁਰਨ ਲੱਗਾ। (ਮੱਤੀ 14:22-33)

21. ਜਦੋਂ ਯਿਸੂ ਅਤੇ ਉਸ ਦੇ ਚੇਲੇ ਪਾਰ ਲੰਘ ਕੇ ਗਨੇਸਰਤ ਦੀ ਧਰਤੀ ਉੱਤੇ ਉੱਤਰੇ। ਜਾਂ ਉੱਥੋਂ ਦੇ ਲੋਕਾਂ ਨੇ ਉਹ ਨੂੰ ਪਛਾਣਿਆ ਤਾਂ ਉਸ ਸਾਰੇ ਇਲਾਕੇ ਵਿੱਚ ਖ਼ਬਰ ਭੇਜ ਕੇ ਸਾਰਿਆਂ ਰੋਗੀਆਂ ਨੂੰ ਉਸ ਕੋਲ ਲਿਆਂਦਾ। ਅਤੇ ਉਹ ਦੀ ਮਿੰਨਤ ਕੀਤੀ ਜੋ ਉਨ੍ਹਾਂ ਨੂੰ ਨਿਰਾ ਆਪਣੇ ਲੀੜੇ ਦਾ ਪੱਲਾ ਛੋਹਣ ਦਿਹ ਅਰ ਜਿੰਨਿਆਂ ਨੇ ਛੋਹਿਆ ਓਹ ਚੰਗੇ ਹੋ ਗਏ। (ਮੱਤੀ 14:34-36)

22. ਇੱਕ ਤੀਵੀਂ ਜਿਹ ਦੀ ਛੋਟੀ ਧੀ ਨੂੰ ਭਰਿਸ਼ਟ ਆਤਮਾ ਚਿੰਬੜਿਆ ਹੋਇਆ ਸੀ ਆਈ ਅਤੇ ਯਿਸੂ ਦੇ ਪੈਰੀਂ ਪਈ।ਉਹ ਤੀਵੀਂ ਯੂਨਾਨਣ ਅਤੇ ਜਨਮ ਦੀ ਸੂਰੁਫੈਨੀਕਣ ਸੀ। ਉਸ ਨੇ ਯਿਸੂ ਦੇ ਅੱਗੇ ਅਰਜ਼ ਕੀਤੀ ਜੋ ਤੁਸੀਂ ਮੇਰੀ ਧੀ ਵਿੱਚੋਂ ਭੂਤ ਨੂੰ ਕੱਢ ਦਿਓ। ਯਿਸੂ ਨੇ ਉਸ ਨੂੰ ਆਖਿਆ, "ਇਸ ਗੱਲ ਦੇ ਕਾਰਨ ਚੱਲੀ ਜਾਹ। ਭੂਤ ਤੇਰੀ ਧੀ ਵਿੱਚੋਂ ਨਿੱਕਲ ਗਿਆ ਹੈ।" ਅਤੇ ਉਸ ਨੇ ਆਪਣੇ ਘਰ ਜਾ ਕੇ ਵੇਖਿਆ ਜੋ ਲੜਕੀ ਮੰਜੇ ਉੱਤੇ ਲੰਮੀ ਪਈ ਹੋਈ ਹੈ ਅਤੇ ਭੂਤ ਨਿੱਕਲ ਗਿਆ ਹੈ। (ਮਰਕੁਸ 7:24-30)

23. ਕੁਝ ਲੋਕਾਂ ਨੇ ਇਕ ਬੋਲ੍ਹੇ ਨੂੰ ਜਿਹੜਾ ਥਥਲਾ ਵੀ ਸੀ ਉਹ ਦੇ ਕੋਲ ਲਿਆ ਕੇ ਉਹ ਦੀ ਮਿੰਨਤ ਕੀਤੀ ਜੋ ਉਸ ਉੱਤੇ ਆਪਣਾ ਹੱਥ ਰੱਖੇ। ਯਿਸੂ ਨੇ ਆਪਣੀਆਂ ਉਂਗਲੀਆਂ ਉਹ ਦੇ ਕੰਨਾਂ ਵਿੱਚ ਦਿੱਤੀਆਂ ਅਤੇ ਥੁੱਕ ਕੇ ਉਹ ਦੀ ਜੀਭ ਛੋਹੀ। ਅਤੇ ਅਕਾਸ਼ ਵੱਲ ਵੇਖ ਕੇ ਹਾਉਕਾ ਭਰਿਆ ਅਰ ਉਹ ਨੂੰ ਆਖਿਆ, "ਇੱਫਤਾ" ਅਰਥਾਤ "ਖੁੱਲ੍ਹ ਜਾਹ।" ਅਤੇ ਉਹ ਦੇ ਕੰਨ ਖੁੱਲ੍ਹ ਗਏ ਅਰ ਉਹ ਦੀ ਜੀਭ ਦਾ ਅਟਕਣਾ ਜਾਂਦਾ ਰਿਹਾ ਅਤੇ ਉਹ ਸਾਫ਼ ਬੋਲਣ ਲੱਗ ਪਿਆ। *(ਮਰਕੁਸ 7:31-37)*



24. ਯਿਸੂ ਨੂੰ ਭੀੜ ਉੱਤੇ ਤਰਸ ਆਇਆ ਜੋ ਤਿੰਨ ਦਿਨਾਂ ਤੋਂ ਉਸ ਦਾ ਪਿੱਛੇ ਚੱਲ ਰਹੀ ਸੀ। ਉਹ ਨਹੀਂ ਚਾਹੁੰਦਾ ਸੀ ਕਿ ਉਹ ਭੁੱਖੇ ਵਾਪਸ ਜਾਣ। ਇਸ ਲਈ ਉਸ ਨੇ ਸੱਤ ਰੋਟੀਆਂ ਅਤੇ ਥੋੜੀਆਂ ਮੱਛੀਆਂ ਲਈਆਂ, ਸ਼ੁਕਰ ਕਰ ਕੇ ਤੋੜੀਆਂ ਅਤੇ ਚੇਲਿਆਂ ਨੂੰ ਭੀੜ ਨੂੰ ਖੁਆਉਣ ਲਈ ਦਿੱਤੀਆਂ। ਖਾਣ ਵਾਲੇ ਜਨਾਨੀਆਂ ਅਤੇ ਬਾਲਕਾਂ ਬਿਨਾ ਚਾਰ ਹਜ਼ਾਰ ਮਰਦ ਸਨ। ਓਹ ਸੱਭੇ ਖਾ ਕੇ ਰੱਜ ਗਏ ਅਰ ਬਚਿਆਂ ਹੋਇਆਂ ਟੁਕੜਿਆਂ ਨਾਲ ਉਨ੍ਹਾਂ ਨੇ ਸੱਤ ਟੋਕਰੇ ਭਰੇ ਹੋਏ ਚੁੱਕ ਲਏ। *(ਮੱਤੀ 15:32-39)*

25. ਕੁਝ ਲੋਕ ਇੱਕ ਅੰਨ੍ਹੇ ਨੂੰ ਉਹ ਦੇ ਕੋਲ ਲਿਆਏ ਅਰ ਯਿਸੂ ਦੀ ਮਿੰਨਤ ਕੀਤੀ ਜੋ ਉਹ ਉਸ ਨੂੰ ਛੋਹੇ। ਯਿਸੂ ਨੇ ਉਸ ਦੀਆਂ ਅੱਖਾਂ ਵਿੱਚ ਥੁੱਕ ਕੇ ਉਸ ਉੱਤੇ ਹੱਥ ਰੱਖੇ ਅਤੇ ਉਸ ਨੂੰ ਪੁੱਛਿਆ, "ਤੈਨੂੰ ਕੁਝ ਦਿੱਸਦਾ ਹੈ?" ਉਸ ਨੇ ਨਜ਼ਰ ਪੱਟ ਕੇ ਵੇਖਿਆ ਅਤੇ ਕਿਹਾ, "ਮੈਂ ਮਨੁੱਖਾਂ ਨੂੰ ਵੇਖਦਾ ਹਾਂ ਪਰ ਓਹ ਤੁਰਦੇ ਫਿਰਦੇ ਮੈਨੂੰ ਰੁੱਖਾਂ ਵਾਂਙੁ ਦਿੱਸਦੇ ਹਨ।" ਤਦ ਯਿਸੂ ਨੇ ਫੇਰ ਉਸ ਦੀਆਂ ਅੱਖਾਂ ਉੱਤੇ ਹੱਥ ਰੱਖੇ ਅਰ ਉਸ ਨੇ ਨਜ਼ਰ ਟਿਕਾ ਕੇ ਵੇਖਿਆ ਤਾਂ ਉਹ ਸੁਜਾਖਾ ਹੋ ਕੇ ਸਭ ਕੁਝ ਸਾਫ਼ ਸਾਫ਼ ਵੇਖਣ ਲੱਗਾ। *(ਮਰਕੁਸ 8:22-26)*

26. ਯਿਸੂ ਨੇ ਇੱਕ ਮਨੁੱਖ ਵੇਖਿਆ ਜਿਹੜਾ ਜਮਾਂਦਰੂ ਅੰਨ੍ਹਾ ਸੀ। ਉਸ ਨੇ ਧਰਤੀ ਉੱਤੇ ਥੁੱਕਿਆ ਅਤੇ ਥੁੱਕ ਨਾਲ ਮਿੱਟੀ ਗੋਈ ਅਰ ਉਹ ਮਿੱਟੀ ਉਹ ਦੀਆਂ ਅੱਖੀਆਂ ਉੱਤੇ ਮਲੀ ਅਤੇ ਉਸ ਨੂੰ ਆਖਿਆ, "ਜਾਹ ਸਿਲੋਆਮ ਦੇ ਕੁੰਡ ਵਿੱਚ ਜਿਹ ਦਾ ਅਰਥ ਹੈ (ਭੇਜਿਆ ਹੋਇਆ) ਧੋ ਸੁੱਟ।" ਸੋ ਉਹ ਨੇ ਜਾ ਕੇ ਧੋਤੀਆਂ ਅਤੇ ਸੁਜਾਖਾ ਜੋ ਕੇ ਚਲਾ ਆਇਆ। *(ਯੂਹੰਨਾ 9:1-7)*

27. ਜਦ ਓਹ ਭੀੜ ਦੇ ਕੋਲ ਪਹੁੰਚੇ ਤਦ ਇਕ ਮਨੁੱਖ ਉਹ ਦੇ ਕੋਲ ਆਇਆ ਅਤੇ ਉਹ ਦੇ ਅੱਗੇ ਗੋਡੇ ਨਿਵਾ ਕੇ ਬੋਲਿਆ, "ਪ੍ਰਭੂ ਜੀ ਮੇਰੇ ਪੁੱਤ੍ਰ ਉੱਤੇ ਦਯਾ ਕਰੋ ਕਿਉਂ ਜੋ ਉਹ ਮਿਰਗੀ ਦੇ ਮਾਰੇ ਬਹੁਤ ਦੁਖ ਪਾਉਂਦਾ ਹੈ।" ਤਾਂ ਯਿਸੂ ਨੇ ਉਹ ਨੂੰ ਝਿੜਕਿਆ ਅਤੇ ਭੂਤ ਉਸ ਵਿੱਚੋਂ ਨਿੱਕਲ ਗਿਆ ਅਰ ਮੁੰਡਾ ਉਸੇ ਘੜੀਓਂ ਚੰਗਾ ਹੋ ਗਿਆ। *(ਮੱਤੀ 17:14-21)*

28. ਯਿਸੂ ਨੇ ਪਤਰਸ ਨੂੰ ਕਿਹਾ, "ਜਾ ਕੇ ਝੀਲ ਵਿੱਚ ਕੁੰਡੀ ਸੁੱਟ ਅਰ ਜੋ ਮੱਛੀ ਪਹਿਲਾਂ ਨਿੱਕਲੇ ਉਹ ਨੂੰ ਚੁੱਕ ਅਤੇ ਤੂੰ ਉਹ ਦਾ ਮੂੰਹ ਖੋਲ੍ਹ ਕੇ ਇੱਕ ਰੁਪਿਆ (ਸਿੱਕਾ) ਪਾਏਂਗਾ ਸੋ ਉਹ ਨੂੰ ਲੈ ਕੇ ਮੇਰੇ ਅਤੇ ਆਪਣੇ ਬਦਲੇ ਉਨ੍ਹਾਂ ਨੂੰ ਦੇ ਦੇਈਂ।" ਇਹ ਉਵੇਂ ਹੀ ਹੋਇਆ ਜਿਵੇਂ ਉਸ ਨੇ ਕਿਹਾ ਸੀ। *(ਮੱਤੀ 17:24-27)*

29. ਲੋਕ ਇੱਕ ਅੰਨ੍ਹਾ ਗੂੰਗਾ ਜਿਹ ਨੂੰ ਭੂਤ ਚਿੰਬੜਿਆ ਹੋਇਆ ਸੀ ਉਹ ਦੇ ਕੋਲਲੱਗਾ। *(ਮੱਤੀ 12:22)*

30. ਇੱਕ ਤੀਵੀਂ ਸੀ ਜਿਹ ਨੂੰ ਅਠਾਰਾਂ ਵਰਿਹਾਂ ਤੋਂ ਮਾਂਦਗੀ ਦਾ ਆਤਮਾ ਚਿੰਬੜਿਆ ਹੋਇਆ ਸੀ ਅਤੇ ਉਹ ਕੁੱਬੀ ਹੈਸੀ ਅਰ ਕਿਸੇ ਤਰਾਂ ਸਿੱਧੀ ਨਹੀਂ ਸੀ ਹੋ ਸੱਕਦੀ। ਯਿਸੂ ਨੇ ਉਹ ਨੂੰ ਵੇਖ ਕੇ ਕੋਲ ਸੱਦਿਆ ਅਰ ਉਹ ਨੂੰ ਕਿਹਾ, "ਹੇ ਸ੍ਰੀਮਤ (ਤੀਵੀਂ) ਤੂੰ ਆਪਣੀ ਮਾਂਦਗੀ ਤੋਂ ਛੁੱਟ ਗਈ ਹੈਂ।" ਅਤੇ ਉਸ ਉੱਤੇ ਹੱਥ ਰੱਖੇ ਤਾਂ ਓਵੇਂ ਉਹ ਸਿੱਧੀ ਹੋ ਗਈ ਅਰ ਪਰਮੇਸ਼ੁਰ ਦੀ ਵਡਿਆਈ ਕਰਨ ਲੱਗੀ! *(ਲੂਕਾ 13:10-13)*

31. ਇੱਕ ਜਲੋਧਰੀ ਮਨੁੱਖ ਯਿਸੂ ਦੇ ਸਾਹਮਣੇ ਸੀ। ਉਸ ਨੇ ਉਹ ਨੂੰ ਲੈ ਕੇ ਚੰਗਾ ਕੀਤਾ ਅਤੇ ਤੋਰ ਦਿੱਤਾ। *(ਲੂਕਾ 14:1-4)*

32. ਯਿਸੂ ਦੇ ਕਿਸੇ ਪਿੰਡ ਵਿੱਚ ਵੜਦਿਆਂ ਦਸ ਕੋੜ੍ਹੇ ਉਹ ਨੂੰ ਮਿਲੇ ਜਿਹੜੇ ਦੂਰ ਖੜੇ ਰਹੇ। ਅਤੇ ਉਨ੍ਹਾਂ ਨੇ ਉੱਚੀ ਅਵਾਜ਼ ਦੇ ਕੇ ਕਿਹਾ, "ਹੇ ਯਿਸੂ ਮਹਾਰਾਜ, ਸਾਡੇ ਉੱਤੇ ਦਯਾ ਕਰ!" ਉਸ ਨੇ ਵੇਖ ਕੇ ਉਨ੍ਹਾਂ ਨੂੰ ਆਖਿਆ, "ਜਾਓ ਆਪਣੇ ਤਾਈਂ ਜਾਜਕਾਂ ਨੂੰ ਵਿਖਾਓ।" ਅਤੇ ਐਉਂ ਹੋਇਆ ਕਿ ਓਹ ਜਾਂਦੇ ਜਾਂਦੇ ਸ਼ੁੱਧ ਹੋ ਗਏ। *(ਲੂਕਾ 17:11-19)*

33. ਲਾਜ਼ਰ, ਜਿਸ ਨਾਲ ਯਿਸੂ ਹਿਤ ਕਰਦਾ ਸੀ ਮਰ ਗਿਆ ਸੀ ਅਤੇ ਉਹ ਨੂੰ ਕਬਰ ਵਿੱਚ ਪਏ ਚਾਰ ਦਿਨ ਹੋ ਚੁੱਕੇ ਸਨ। ਜਦੋਂ ਉਸ ਨੇ ਉਸ ਦੀਆਂ ਭੈਣਾਂ ਨੂੰ ਰੋਂਦੇ ਵੇਖਿਆ, ਤਾਂ ਉਹ ਵੀ ਬਹੁਤ ਕਲਪਿਆ ਅਤੇ ਰੋਇਆ। ਯਿਸੂ ਉਨ੍ਹਾਂ ਦੇ ਪਰਿਵਾਰ ਸਮੇਤ ਲਾਜ਼ਰ ਦੀ ਕਬਰ ਤੇ ਗਿਆ ਅਤੇ ਉਸ ਨੇ ਉੱਚੀ ਅਵਾਜ਼ ਮਾਰੀ ਕਿ "ਲਾਜ਼ਰ, ਬਾਹਰ ਆ!" ਤਦ ਲਾਜ਼ਰ ਜੋ ਮਰ ਗਿਆ ਸੀ ਬਾਹਰ ਆਇਆ, ਯਿਸੂ ਨੇ ਉਨ੍ਹਾਂ ਨੂੰ ਆਖਿਆ, "ਉਹ ਨੂੰ ਖੋਲ੍ਹੋ ਅਤੇ ਜਾਣ ਦਿਓ।" *(ਯੂਹੰਨਾ 11:1-44)*

34. ਬਰਿਤਮਈ ਇੱਕ ਅੰਨ੍ਹਾ ਯਰੀਹੋ ਦੇ ਸੜਕ ਦੇ ਕਿਨਾਰੇ ਬੈਠਾ ਭੀਖ ਮੰਗ ਰਿਹਾ ਸੀ। ਜਦੋਂ ਉਸ ਨੇ ਸੁਣਿਆ ਕਿ ਯਿਸੂ ਉਥੋਂ ਲੰਘ ਰਿਹਾ ਸੀ, ਉੱਚੀ ਦੇ ਕੇ ਕਹਿਣ ਲੱਗਾ, "ਹੇ ਦਾਊਦ ਦੇ ਪੁੱਤ੍ਰ, ਹੇ ਯਿਸੂ, ਮੇਰੇ ਉੱਤੇ ਦਯਾ ਕਰ!" ਯਿਸੂ ਨੇ ਅੱਗੋਂ ਉਹ ਨੂੰ ਆਖਿਆ, "ਤੂੰ ਕੀ ਚਾਹੁੰਦਾ ਹੈਂ ਜੋ ਮੈਂ ਤੇਰੇ ਲਈ ਕਰਾਂ?" ਅੰਨ੍ਹੇ ਨੇ ਉਹ ਨੂੰ ਕਿਹਾ, "ਪ੍ਰਭੂ ਜੀ ਮੈਂ ਸੁਜਾਖਾ ਹੋ ਜਾਵਾਂ!" ਯਿਸੂ ਉਹ ਨੂੰ ਕਿਹਾ, "ਜਾਹ, ਤੇਰੀ ਨਿਹਚਾ ਨੇ ਤੈਨੂੰ ਬਚਾਇਆ।" ਅਤੇ ਓਵੇਂ ਉਹ ਸੁਜਾਖਾ ਹੋ ਗਿਆ। *(ਮਰਕੁਸ 10:46-52)*



35. ਜਾਂ ਤੜਕੇ ਉਹ ਸ਼ਹਿਰ ਨੂੰ ਮੁੜਿਆ ਜਾਂਦਾ ਸੀ ਤਾਂ ਉਹ ਨੂੰ ਭੁੱਖ ਲੱਗੀ। ਅਤੇ ਰਸਤੇ ਕੋਲ ਹੰਜੀਰ ਦਾ ਇੱਕ ਬਿਰਛ ਵੇਖ ਕੇ ਉਸ ਦੇ ਨੇੜੇ ਗਿਆ ਪਰ ਪੱਤਾਂ ਬਿਨਾ ਉਸ ਉੱਤੇ ਹੋਰ ਕੁਝ ਨਾ ਲੱਭਿਆ। ਅਤੇ ਉਸ ਨੇ ਉਸ ਨੂੰ ਆਖਿਆ ਕਿ "ਅੱਜ ਤੋਂ ਲੈ ਕੇ ਤੈਨੂੰ ਕਦੀ ਫਲ ਨਾ ਲੱਗੇ" ਅਤੇ ਹੰਜੀਰ ਦਾ ਬਿਰਛ ਓਵੇਂ ਸੁੱਕ ਗਿਆ। *(ਮੱਤੀ 21:18-19)*

36. ਜਦੋਂ ਯਹੂਦਾ ਯਿਸੂ ਨੂੰ ਫੜਵਾਉਣ ਲਈ ਆਇਆ, ਤਾਂ ਯਿਸੂ ਦੇ ਚੇਲਿਆਂ ਵਿੱਚੋਂ ਇੱਕ ਨੇ ਸਰਦਾਰ ਜਾਜਕ ਦੇ ਚਾਕਰ ਨੂੰ ਮਾਰ ਕੇ ਉਹ ਦਾ ਸੱਜਾ ਕੰਨ ਉਡਾ ਦਿੱਤਾ। ਯਿਸੂ ਨੇ ਉਹ ਦਾ ਕੰਨ ਛੋਹ ਕੇ ਉਸ ਨੂੰ ਚੰਗਾ ਕੀਤਾ। *(ਲੂਕਾ 22:47-53)*

37. ਪਰਮੇਸ਼ੁਰ ਦੇ ਬਚਨ ਦਾ ਪਰਚਾਰ ਕਰਨ ਦੀ ਬਜਾਇ, ਯਿਸੂ ਦੇ ਚੇਲੇ ਯਿਸੂ ਦੇ ਸਲੀਬ ਉੱਤੇ ਚੜ੍ਹਾਏ ਜਾਣ ਤੋਂ ਬਾਅਦ ਮੱਛੀਆਂ ਫੜਨ ਲਈ ਵਾਪਸ ਚਲੇ ਗਏ। ਉਸ ਰਾਤ ਉਹ ਇੱਕ ਵੀ ਮੱਛੀ ਨਾ ਫੜ ਸਕੇ। ਅਗਲੇ ਦਿਨ ਸਵੇਰੇ ਜੀ ਉੱਠੇ ਯਿਸੂ ਨੇ ਉਨ੍ਹਾਂ ਨੂੰ ਕਿਹਾ, "ਹੇ ਜੁਆਨੋ, ਤੁਸਾਂ ਖਾਣ ਨੂੰ ਕੁਝ ਫੜਿਆ?" ਉਨ੍ਹਾਂ ਉਹ ਨੂੰ ਉੱਤਰ ਦਿੱਤਾ, "ਨਹੀਂ।" ਤਾਂ ਉਹ ਨੇ ਉਨ੍ਹਾਂ ਨੂੰ ਆਖਿਆ, "ਬੇੜੀ ਦੇ ਸੱਜੇ ਪਾਸੇ ਜਾਲ ਪਾਓ ਤਾਂ ਤੁਹਾਨੂੰ ਲੱਭੇਗਾ।" ਸੋ ਉਨ੍ਹਾਂ ਪਾਇਆ ਅਤੇ ਮੱਛੀਆਂ ਦੇ ਬਹੁਤ ਹੋਣ ਕਰਕੇ ਉਹ ਨੂੰ ਫੇਰ ਖਿੱਚ ਨਾ ਸਕੇ। *(ਯੂਹੰਨਾ 21:1-14)*

ਅਤੇ ਹੋਰ ਵੀ ਢੇਰ ਸਾਰੇ ਕੰਮ ਹਨ ਜਿਹੜੇ ਯਿਸੂ ਨੇ ਕੀਤੇ। ਜੇ ਓਹ ਸੱਭੇ ਇੱਕ ਇੱਕ ਕਰਕੇ ਲਿਖੇ ਜਾਂਦੇ ਤਾਂ ਮੈਂ ਸਮਝਦਾ ਹਾਂ ਭਈ ਜਿਹੜੀਆਂ ਪੁਸਤਕਾਂ ਲਿਖੀਆਂ ਜਾਂਦੀਆਂ ਹਨ ਓਹ ਜਗਤ ਵਿੱਚ ਭੀ ਨਾ ਸਮਾਉਂਦੀਆਂ। *(ਯੂਹੰਨਾ 21:25)*

ਯਿਸੂ ਮਸੀਹ ਨੇ ਕਿਹਾ, "ਮੈਂ ਤੁਹਾਨੂੰ ਸੱਚ ਸੱਚ ਆਖਦਾ ਕਿ ਜੋ ਮੇਰੇ ਉੱਤੇ ਨਿਹਚਾ ਕਰਦਾ ਹੈ ਸੋ ਏਹ ਕੰਮ ਜਿਹੜੇ ਮੈਂ ਕਰਦਾ ਹਾਂ ਉਹ ਭੀ ਕਰੇਗਾ ਸਗੋਂ ਇਨ੍ਹਾਂ ਨਾਲੋਂ ਵੱਡੇ ਕੰਮ ਕਰੇਗਾ। ਅਰ ਤੁਸੀਂ ਮੇਰਾ ਨਾਮ ਲੈ ਕੇ ਜੋ ਕੁਝ ਮੰਗੋਗੇ ਮੈਂ ਸੋਈ ਕਰਾਂਗਾ।" *(ਯੂਹੰਨਾ 14:12-13)*

***ਪਰਮੇਸ਼ੁਰ ਸਰਬ ਸ਼ਕਤੀਮਾਨ, ਸਰਬ ਵਿਆਪੀ, ਸਰਬ-ਗਿਆਨੀ ਅਤੇ ਸਰਬ ਸ਼ਕਤੀਮਾਨ ਹੈ। ਉਸ ਲਈ ਕੁਝ ਵੀ ਅਸੰਭਵ ਨਹੀਂ ਹੈ। ਯਿਸੂ ਮਸੀਹ ਨੇ ਦੁਸ਼ਟ ਆਤਮਾਵਾਂ, ਕੁਦਰਤ, ਮੌਤ ਅਤੇ ਮਨੁੱਖੀ ਬਿਮਾਰੀਆਂ ਉੱਤੇ ਆਪਣੇ ਅਧਿਕਾਰ ਦੀ ਵਰਤੋਂ ਕਰਦੇ ਹੋਏ ਹਰ ਤਰ੍ਹਾਂ ਦੇ ਚਮਤਕਾਰ ਕੀਤੇ ਹਨ। ਉਸ ਲਈ ਕੁਝ ਵੀ ਅਸੰਭਵ ਨਹੀਂ ਸੀ, ਕਿਉਂਕਿ ਉਹ ਪਰਮੇਸ਼ੁਰ ਹੈ। ਆਓ ਇਸ ਸੱਚਾਈ ਨੂੰ ਪਛਾਣੀਏ ਅਤੇ ਉਸ ਅੱਗੇ ਸਿਰ ਨਿਵਾਈਏ ਅਤੇ ਉਸ ਦੀ ਬੰਦਗੀ ਕਰੀਏ।***

**04-04-2013 ਨੂੰ ਵਿਜੇ ਕਰਨਾਟਕ, ਰਾਜ ਦੇ ਇੱਕ ਅਖ਼ਬਾਰ ਵਿੱਚ ਪ੍ਰਕਾਸ਼ਿਤ ਇੱਕ ਲੇਖ**

## 16. ਜ਼ਨਾਹ ਕਰਦੀ ਫੜੀ ਗਈ ਇੱਕ ਔਰਤ ਨੂੰ ਨਿਆਂ ਲਈ ਯਿਸੂ ਦੇ ਸਾਹਮਣੇ ਲਿਆਂਦਾ ਗਿਆ

***"ਪਰ ਇਸ ਅਲੌਕਿਕ ਸ਼ਖ਼ਸੀਅਤ ਨੂੰ ਚਿੰਨ੍ਹਿਤ ਕਰੋ ਜੋ ਆਇਆ ਹੈ; ਸਦੀਆਂ ਅਤੇ ਯੁੱਗ ਬੀਤ ਜਾਂਦੇ ਹਨ, ਫਿਰ ਵੀ ਉਹ ਊਰਜਾ ਜੋ ਉਸ ਨੇ ਸੰਸਾਰ ਵਿੱਚ ਛੱਡੀ ਸੀ, ਅਜੇ ਤੱਕ ਫੈਲੀ ਨਹੀਂ ਹੈ, ਅਤੇ ਨਾ ਹੀ ਪੂਰੀ ਤਰ੍ਹਾਂ ਖਰਚੀ ਗਈ ਹੈ। ਜਿਵੇਂ-ਜਿਵੇਂ ਉਮਰ ਵਧਦੀ ਜਾਂਦੀ ਹੈ, ਇਹ ਨਵੇਂ ਜੋਸ਼ ਨੂੰ ਜੋੜਦੀ ਰਹਿੰਦੀ ਹੈ। 'ਕਿਸੇ ਵੀ ਮਨੁੱਖ ਨੇ ਪਰਮੇਸ਼ੁਰ ਨੂੰ ਕਦੇ ਨਹੀਂ ਵੇਖਿਆ, ਪਰ ਪੁੱਤਰ ਰਾਹੀਂ।' ਅਤੇ ਇਹ ਸੱਚ ਹੈ। ਅਤੇ ਪੁੱਤਰ ਤੋਂ ਇਲਾਵਾ ਅਸੀਂ ਪਰਮੇਸ਼ਰ ਨੂੰ ਕਿੱਥੇ ਵੇਖਾਂਗੇ?"***        **- ਸਵਾਮੀ ਵਿਵੇਕਾਨੰਦ**

**(ਸਵਾਮੀ ਵਿਵੇਕਾਨੰਦ ਦੀਆਂ ਸੰਪੂਰਨ ਰਚਨਾਵਾਂ, ਭਾਗ-4, ਪੰਨਾ ਨੰ. 136)**

ਸਵੇਰ ਨੂੰ ਉਹ ਹੈਕਲ ਵਿੱਚ ਫੇਰ ਆਇਆ ਅਤੇ ਸਭ ਲੋਕ ਉਹ ਦੇ ਕੋਲ ਆਏ ਅਰ ਉਹ ਬੈਠ ਕੇ ਉਨ੍ਹਾਂ ਨੂੰ ਉਪਦੇਸ਼ ਦੇਣ ਲੱਗਾ। ਤਾਂ ਗ੍ਰੰਥੀ ਅਤੇ ਫ਼ਰੀਸੀ ਇੱਕ ਤੀਵੀਂ ਨੂੰ ਲਿਆਏ ਜਿਹੜੀ ਜ਼ਨਾਹ ਵਿੱਚ ਫੜੀ ਗਈ ਸੀ ਅਤੇ ਉਸ ਨੂੰ ਵਿਚਕਾਰ ਖੜੀ ਕਰ ਕੇ। ਉਹ ਨੂੰ ਕਿਹਾ, "ਗੁਰੂ ਜੀ ਇਹ ਤੀਵੀਂ ਠੀਕ ਜ਼ਨਾਹ ਦੇ ਵੇਲੇ ਫੜੀ ਗਈ ਹੈ। ਅਤੇ ਮੂਸਾ ਨੇ ਤੁਰੇਤ ਵਿੱਚ ਸਾਨੂੰ ਹੁਕਮ ਦਿੱਤਾ ਹੈ ਜੋ ਏਹੋ ਜਹੀਆਂ ਨੂੰ ਪੱਥਰਾਂ ਨਾਲ ਮਾਰ ਸੁੱਟੋ। ਫੇਰ ਤੂੰ ਇਹ ਦੇ ਹੱਕ ਵਿੱਚ ਕੀ ਆਖਦਾ ਹੈਂ?" ਪਰ ਉਨ੍ਹਾਂ ਨੇ ਉਹ ਦੇ ਪਰਤਾਉਣ ਲਈ ਇਹ ਗੱਲ ਕਹੀ ਸੀ ਭਈ ਉਸ ਉੱਤੇ



ਊਜ ਲਾਉਣ ਦਾ ਮੌਕਾ ਮਿਲੇ। ਤਾਂ ਯਿਸੂ ਹਿਠਾਹਾਂ ਨਿਉਂ ਕੇ ਉਂਗਲ ਨਾਲ ਧਰਤੀ ਉੱਤੇ ਲਿਖਣ ਲੱਗਾ। ਜਾਂ ਓਹ ਉਸ ਤੋਂ ਪੁੱਛੀ ਗਏ ਤਾਂ ਉਸ ਨੇ ਸਿੱਧੇ ਹੋ ਕੇ ਉਨ੍ਹਾਂ ਨੂੰ ਆਖਿਆ ਕਿ "ਜਿਹੜਾ ਤੁਹਾਡੇ ਵਿੱਚੋਂ ਨਿਰਦੋਖ ਹੋਵੇ ਉਹ ਪਹਿਲਾਂ ਉਸ ਨੂੰ ਪੱਥਰ ਮਾਰੇ।" ਫੇਰ ਹਿਠਾਹਾਂ ਨਿਉਂ ਕੇ ਉਂਗਲ ਨਾਲ



ਧਰਤੀ ਉੱਤੇ ਲਿਖਣ ਲੱਗਾ। ਇਹ ਸੁਣ ਕੇ ਓਹ ਵੱਡਿਆਂ ਤੋਂ ਲੈ ਕੇ ਛੋਟਿਆਂ ਤੀਕੁਰ ਇੱਕ ਇੱਕ ਕਰਕੇ ਨਿੱਕਲ ਗਏ ਅਤੇ ਯਿਸੂ ਇਕੱਲਾ ਰਹਿ ਗਿਆ ਅਤੇ ਉਹ ਤੀਵੀਂ ਵਿਚਕਾਰ ਖੜੀ ਰਹੀ। ਤਾਂ ਯਿਸੂ ਨੇ ਸਿੱਧੇ ਹੋ ਕੇ ਉਹ ਨੂੰ ਆਖਿਆ, "ਹੇ ਤ੍ਰੀਮਤ ਓਹ ਕਿੱਥੇ ਹਨ? ਕੀ ਕਿਸੇ ਨੇ ਤੇਰੇ ਉੱਤੇ ਸਜ਼ਾ ਦਾ ਹੁਕਮ ਨਾ ਦਿੱਤਾ?" ਉਹ ਬੋਲੀ, "ਪ੍ਰਭੂ ਜੀ, ਕਿਸੇ ਨੇ ਵੀ ਨਹੀਂ।" ਤਾਂ ਯਿਸੂ ਨੇ ਕਿਹਾ, "ਮੈਂ ਵੀ ਨਹੀਂ ਦਿੰਦਾ। ਜਾਹ, ਏਦੋਂ ਅੱਗੇ ਫੇਰ ਪਾਪ ਨਾ ਕਰੀਂ।" (ਯੂਹੰਨਾ 8:1-11)

### ਮੰਨ ਲਓ ਕਿ ਤੁਸੀਂ ਇਸ ਸਥਿਤੀ ਵਿੱਚ ਫ਼ਰੀਸੀਆਂ ਵਿੱਚ ਹੁੰਦੇ, ਤਾਂ ਕੀ ਤੁਸੀਂ ਉਸ ਔਰਤ ਨੂੰ ਪੱਥਰ ਮਾਰਦੇ?

ਯਿਸੂ ਮਸੀਹ ਉਸ ਔਰਤ ਨੂੰ ਪੱਥਰ ਮਾਰ ਕੇ ਮਾਰ ਸਕਦਾ ਸੀ ਕਿਉਂਕਿ ਯਿਸੂ ਪਵਿੱਤਰ ਸੀ। ਬਾਈਬਲ ਕਹਿੰਦੀ ਹੈ: "ਉਹ ਪਾਪ ਦਾ ਜਾਣੂ ਨਹੀਂ ਸੀ। ਉਸ ਨੇ ਕੋਈ ਪਾਪ ਨਹੀਂ ਕੀਤਾ ਅਤੇ ਉਸ ਵਿੱਚ ਕੋਈ ਪਾਪ ਨਹੀਂ ਸੀ।" 'ਪਰਮੇਸ਼ੁਰ ਨੇ ਆਪਣੇ ਪੁੱਤਰ (ਯਿਸੂ) ਨੂੰ ਦੁਨੀਆਂ ਨੂੰ ਦੋਸ਼ੀ ਠਹਿਰਾਉਣ ਲਈ ਨਹੀਂ ਭੇਜਿਆ ਸਗੋਂ ਦੁਨੀਆਂ ਨੂੰ ਬਚਾਉਣ ਲਈ ਭੇਜਿਆ।' ਯਿਸੂ ਮਸੀਹ ਸਿਰਫ ਧਰਮੀਆਂ ਨੂੰ ਬਚਾਉਣ ਅਤੇ ਕੁਧਰਮੀਆਂ ਦਾ ਨਾਸ਼ ਕਰਨ ਲਈ ਦੁਨੀਆਂ ਵਿੱਚ ਨਹੀਂ ਆਇਆ ਸੀ। ਉਹ ਪਾਪੀਆਂ ਨੂੰ ਲੱਭਣ ਅਤੇ ਬਚਾਉਣ ਅਤੇ ਉਨ੍ਹਾਂ ਨੂੰ ਸਦੀਪਕ ਜੀਵਨ (ਮੁਕਤੀ) ਦੇਣ ਲਈ ਆਇਆ ਸੀ।

"ਯਹੋਵਾਹ ਦਿਆਲੂ ਅਤੇ ਕਿਰਪਾਲੂ ਪਰਮੇਸ਼ੁਰ ਹੈ ਕਰੋਧ ਵਿੱਚ ਧੀਰਜੀ ਅਰ ਭਲਿਆਈ ਅਤੇ ਸਚਿਆਈ ਨਾਲ ਭਰਪੂਰ ਹੈ ਅਤੇ ਹਜ਼ਾਰਾਂ ਲਈ ਭਲਿਆਈ ਰੱਖਣ ਵਾਲਾ ਹੈ ਅਤੇ ਕੁਧਰਮ ਅਪਰਾਧ ਅਰ ਪਾਪ ਦਾ ਬਖ਼ਸ਼ਣ ਹਾਰ ਅਤੇ ਕੁਧਰਮੀ ਨੂੰ ਏਵੇਂ ਨਹੀਂ ਛੱਡਦਾ।" (ਕੂਚ 34:6,7)

ਪਵਿੱਤਰ ਬਾਈਬਲ ਕਹਿੰਦੀ ਹੈ ਕਿ ਉਸ (ਮਨੁੱਖ) ਦੇ ਮਨ ਦੇ ਵਿਚਾਰਾਂ ਦੀ ਹਰ ਇੱਕ ਭਾਵਨਾ ਸਾਰਾ ਦਿਨ ਬੁਰੀ ਹੀ ਰਹਿੰਦੀ ਹੈ। ਕੋਈ ਸਮਝਣ ਵਾਲਾ ਨਹੀਂ,

ਕੋਈ ਪਰਮੇਸ਼ੁਰ ਦਾ ਤਾਲਿਬ ਨਹੀਂ। ਕਿਉਂਕਿ ਸਭਨਾਂ ਨੇ ਪਾਪ ਕੀਤਾ ਅਤੇ ਪਰਮੇਸ਼ੁਰ ਦੇ ਪਰਤਾਪ ਤੋਂ ਰਹਿ ਗਏ ਹਨ। (ਉਤਪਤ 6:5, ਰੋਮੀਆਂ 3:11, 23)

ਜਿਹੜਾ ਆਪਣੇ ਅਪਰਾਧਾਂ ਨੂੰ ਲੁੱਕੋ ਲੈਂਦਾ ਹੈ ਉਹ ਸਫ਼ਲ ਨਹੀਂ ਹੁੰਦਾ, ਪਰ ਜੋ ਓਹਨਾਂ ਨੂੰ ਮੰਨ ਕੇ ਛੱਡ ਦਿੰਦਾ ਹੈ ਉਹ ਦੇ ਉੱਤੇ ਰਹਮ ਕੀਤਾ ਜਾਵੇਗਾ। (ਕਹਾਉਤਾਂ 28:13)

ਪਰ ਕੋਈ ਅਪਵਿੱਤਰ ਵਸਤ ਯਾ ਕੋਈ ਘਿਣਾਉਣਾ ਅਤੇ ਝੂਠਾ ਕੰਮ ਕਰਨ ਵਾਲਾ ਓਸ ਵਿੱਚ ਕਦੇ ਨਾ ਵੜੇਗਾ। ਪਰ ਜੋ ਕੋਈ ਵੀ ਆਪਣੇ ਪਾਪਾਂ ਨੂੰ ਸਵੀਕਾਰ ਕਰਦਾ ਹੈ ਅਤੇ ਤੋਬਾ ਕਰਦਾ ਹੈ ਅਤੇ ਵਿਸ਼ਵਾਸ ਕਰਦਾ ਹੈ ਕਿ ਯਿਸੂ ਮਸੀਹ ਨੂੰ ਉਨ੍ਹਾਂ ਦੇ ਪਾਪਾਂ ਦੀ ਮਾਫ਼ੀ ਲਈ ਸਲੀਬ ਉੱਤੇ ਚੜ੍ਹਾਇਆ ਗਿਆ ਸੀ, ਉਹ ਬਚਾਇਆ ਜਾਵੇਗਾ। ਸਿਰਫ ਉਹ ਜਿਨ੍ਹਾਂ ਦੇ ਨਾਮ ਜੀਵਨ ਦੀ ਪੋਥੀ ਵਿੱਚ ਲਿਖੇ ਹੋਏ ਹਨ ਸਵਰਗ ਜਾਣਗੇ। (ਪਰਕਾਸ਼ ਦੀ ਪੋਥੀ 21:27)

ਅਤੇ ਉਹ ਸਾਡਿਆਂ ਪਾਪਾਂ ਦਾ ਪਰਾਸਚਿੱਤ ਹੈ ਪਰ ਨਿਰੇ ਸਾਡਿਆਂ ਹੀ ਦਾ ਨਹੀਂ ਸਗੋਂ ਸਾਰੇ ਸੰਸਾਰ ਦਾ ਵੀ ਹੈ। (1 ਯੂਹੰਨਾ 2:2)

ਉਹ ਦੇ ਪੁੱਤ੍ਰ ਯਿਸੂ ਦਾ ਲਹੂ ਸਾਨੂੰ ਸਾਰੇ ਪਾਪ ਤੋਂ ਸ਼ੁੱਧ ਕਰਦਾ ਹੈ। ਜੇ ਆਖੀਏ ਭਈ ਅਸੀਂ ਪਾਪੀ ਨਹੀਂ ਹਾਂ ਤਾਂ ਆਪਣੇ ਆਪ ਨੂੰ ਧੋਖਾ ਦਿੰਦੇ ਹਾਂ ਅਤੇ ਸਚਿਆਈ ਸਾਡੇ ਵਿੱਚ ਹੈ ਨਹੀਂ। ਜੇ ਅਸੀਂ ਆਪਣਿਆਂ ਪਾਪਾਂ ਦਾ ਇਕਰਾਰ ਕਰੀਏ ਤਾਂ ਉਹ ਵਫ਼ਾਦਾਰ ਅਤੇ ਧਰਮੀ ਹੈ ਭਈ ਸਾਡੇ ਪਾਪਾਂ ਨੂੰ ਮਾਫ਼ ਕਰੇ ਅਤੇ ਸਾਨੂੰ ਸਾਰੇ ਕੁਧਰਮ ਤੋਂ ਸ਼ੁੱਧ ਕਰੇ। (1 ਯੂਹੰਨਾ 1:7-9)

ਕਿਉਂਕਿ ਪਾਪ ਦੀ ਮਜ਼ਦੂਰੀ ਮੌਤ (ਸਦਾ ਦਾ ਨਰਕ) ਹੈ। ਭਾਵੇਂ ਦੁਨੀਆ ਦੇ ਸਾਰੇ ਧਰਮ ਗ੍ਰੰਥ ਇਸ ਤੱਥ ਨੂੰ ਮੰਨਦੇ ਹਨ ਕਿ ਲਹੂ ਤੋਂ ਬਿਨ੍ਹਾਂ ਕੋਈ ਮੁਕਤੀ ਨਹੀਂ ਹੈ, ਜਦੋਂ ਜਾਨਵਰਾਂ ਦੇ ਲਹੂ ਨਾਲ ਪਾਪ ਧੋਣੇ ਅਸੰਭਵ ਹਨ, ਤਾਂ ਪਰਮੇਸ਼ੁਰ ਨੇ ਵਿਭਚਾਰ ਜਾਂ ਜ਼ਨਾਹ ਕਰਦੀ ਫੜੀ ਗਈ ਉਸ ਔਰਤ ਦੇ ਪਾਪਾਂ ਦੇ ਨਾਲ-ਨਾਲ ਸਾਡੇ ਪਾਪ ਯਿਸੂ ਉੱਤੇ ਪਾ ਦਿੱਤੇ। ਯਿਸੂ ਮਸੀਹ ਨੇ ਸਾਡੇ ਸਾਰੇ ਪਾਪਾਂ ਨੂੰ ਮਾਫ਼ ਕਰ ਦਿੱਤਾ, ਪਾਪ ਦੇ ਕਰਜ਼ੇ ਦੇ ਰਿਕਾਰਡ (ਚਾਰਜਸ਼ੀਟ) ਨੂੰ ਰੱਦ ਕਰਕੇ ਜੋ ਸਾਡੇ ਵਿਰੁੱਧ ਕਾਨੂੰਨੀ ਮੰਗਾਂ ਨਾਲ ਖੜ੍ਹਾ ਸੀ। ਉਸ ਨੇ ਇਸ ਨੂੰ ਸਲੀਬ ਉੱਤੇ ਕਿੱਲਾਂ ਨਾਲ ਠੋਕ ਕੇ ਇੱਕ ਪਾਸੇ ਰੱਖ ਦਿੱਤਾ। ਸਾਨੂੰ ਯਿਸੂ ਦੇ ਲਹੂ ਦੁਆਰਾ ਸ਼ੁੱਧ ਕੀਤਾ ਗਿਆ ਸੀ,



ਅੱਤ ਪਵਿੱਤਰ ਪੁਰਖ ਜਿਸ ਨੇ ਪਰਮੇਸ਼ੁਰ ਦੀ ਇੱਛਾ ਨੂੰ ਮੰਨ ਕੇ, ਹਰ ਕਬੀਲੇ ਅਤੇ ਭਾਸ਼ਾਵਾਂ ਦੇ; ਸਾਰੀਆਂ ਕੌਮਾਂ ਦੇ; ਸਾਰੀਆਂ ਜਾਤਾਂ, ਪੰਥਾਂ ਅਤੇ ਨਸਲਾਂ ਸਗੋਂ ਸਾਰੇ ਲੋਕਾਂ ਦੇ ਪਾਪ ਆਪਣੇ ਉੱਤੇ ਲੈ ਲਏ। ਇਸ ਤਰ੍ਹਾਂ ਯਿਸੂ ਨੇ ਬਲੀਦਾਨ ਦੇ ਲੇਲੇ ਦੇ ਰੂਪ ਵਿੱਚ ਆਪਣਾ ਪਵਿੱਤਰ ਲਹੂ ਵਹਾਉਣ ਦੁਆਰਾ ਸਾਨੂੰ ਛੁਟਕਾਰਾ ਦਿੱਤਾ ਅਤੇ ਦੱਸਿਆ ਕਿ ਸਲੀਬ ਉੱਤੇ "ਇਹ ਪੂਰਾ ਹੋ ਗਿਆ ਹੈ।" ਪਰ ਉਹ ਸਾਡੇ ਅਪਰਾਧਾਂ ਲਈ ਵਿੰਨ੍ਹਿਆ ਗਿਆ ਸੀ; ਉਹ ਸਾਡੀਆਂ ਬਦੀਆਂ ਲਈ ਕੁਚਲਿਆ ਗਿਆ ਸੀ; ਉਸ ਉੱਤੇ ਉਹ ਸਜ਼ਾ ਸੀ ਜਿਸ ਨੇ ਸਾਨੂੰ ਸ਼ਾਂਤੀ ਦਿੱਤੀ ਅਤੇ ਉਸ ਦੇ ਮਾਰ ਖਾਣ ਨਾਲ ਅਸੀਂ ਨਰੋਏ ਹੋ ਗਏ ਹਾਂ।
(ਰੋਮੀਆਂ 6:23, ਇਬਰਾਨੀਆਂ 9 ਅਤੇ 10, ਯਸਾਯਾਹ 53:5-6, ਕੁਲੁੱਸੀਆਂ 2:14)

ਓਸ ਆਪ ਸਾਡਿਆਂ ਪਾਪਾਂ ਨੂੰ ਆਪਣੇ ਸਰੀਰ ਵਿੱਚ ਰੁੱਖ (ਸਲੀਬ) ਉੱਤੇ ਚੁੱਕ ਲਿਆ ਭਈ ਅਸੀਂ ਪਾਪ ਦੀ ਵੱਲੋਂ ਮਰ ਕੇ ਧਰਮ (ਧਾਰਮਿਕਤਾ) ਦੀ ਵੱਲੋਂ ਜੀਵੀਏ। ਓਸੇ ਦੇ ਮਾਰ ਖਾਣ ਤੋਂ ਤੁਸੀਂ ਨਰੋਏ ਕੀਤੇ ਗਏ। (1 ਪਤਰਸ 2:24)

ਕਿਉਂ ਜੋ ਪਰਮੇਸ਼ੁਰ ਇੱਕੋ ਹੈ ਅਰ ਪਰਮੇਸ਼ੁਰ ਅਤੇ ਮਨੁੱਖਾਂ ਵਿੱਚ ਇੱਕੋ ਵਿਚੋਲਾ ਹੈ ਜਿਹੜਾ ਆਪ ਮਨੁੱਖ ਹੈ ਅਰਥਾਤ ਮਸੀਹ ਯਿਸੂ, ਜਿਹ ਨੇ ਆਪਣੇ ਆਪ ਨੂੰ ਸਭਨਾਂ ਲਈ ਪ੍ਰਾਸਚਿਤ ਕਰ ਕੇ ਦੇ ਦਿੱਤਾ। (1 ਤਿਮੋਥਿਉਸ 2:4-6)

**ਸਾਨੂੰ ਪਾਪ ਤੋਂ ਛੁਟਕਾਰਾ ਪਾਉਣ ਅਤੇ ਨਰਕ ਤੋਂ ਸਵਰਗ ਵਿੱਚ ਦਾਖਲ ਹੋਣ ਲਈ ਕੀ ਕਰਨਾ ਚਾਹੀਦਾ ਹੈ?**

"ਪ੍ਰਭੂ ਯਿਸੂ ਉੱਤੇ ਨਿਹਚਾ ਕਰ ਤਾਂ ਤੂੰ ਬਚਾਇਆ ਜਾਵੇਂਗਾ (ਮੁਕਤੀ ਪ੍ਰਾਪਤ ਕਰੇਂਗਾ)।" "ਕਿਉਂਕਿ ਜੇ ਤੂੰ ਆਪਣੇ ਮੂੰਹ ਨਾਲ ਪ੍ਰਭੂ ਯਿਸੂ ਦਾ ਇਕਰਾਰ ਕਰੇਂ ਅਤੇ ਆਪਣੇ ਹਿਰਦੇ ਨਾਲ ਮੰਨ ਲਵੇਂ ਜੋ ਪਰਮੇਸ਼ੁਰ ਨੇ ਉਹ ਨੂੰ ਮੁਰਦਿਆਂ ਵਿੱਚੋਂ ਜਿਵਾਲਿਆ ਤਾਂ ਤੂੰ ਬਚਾਇਆ ਜਾਵੇਂਗਾ (ਮੁਕਤੀ ਪ੍ਰਾਪਤ ਕਰੇਂਗਾ)।" "ਹਰੇਕ ਜਿਹੜਾ ਪ੍ਰਭੂ ਦਾ ਨਾਮ ਲਵੇਗਾ ਉਹ ਬਚਾਇਆ ਜਾਵੇਗਾ (ਮੁਕਤੀ ਪ੍ਰਾਪਤ ਕਰਗਾ)।"
(ਰਸੂਲਾਂ ਦੇ ਕਰਤੱਬ 16:31, ਰੋਮੀਆਂ 10:9-13)

## 24-03-2013 ਨੂੰ ਰਾਜ ਦੀਆਂ ਅਖ਼ਬਾਰਾਂ ਉਦਯਵਾਨੀ ਅਤੇ 25-05-2013 ਨੂੰ ਪ੍ਰਜਾਵਾਨੀ ਵਿੱਚ ਪ੍ਰਕਾਸ਼ਿਤ ਇੱਕ ਲੇਖ

## 17. "ਮੌਤ ਤੋਂ ਬਾਅਦ ਕੀ ਹੁੰਦਾ ਹੈ!" ਸਵਾਲ ਦਾ ਪਵਿੱਤਰ ਬਾਈਬਲ ਵਿੱਚੋਂ ਸਪੱਸ਼ਟ ਜਵਾਬ

***ਜੇ ਤੁਸੀਂ ਮੁਕਤੀ ਚਾਹੁੰਦੇ ਹੋ ਤਾਂ ਮਸੀਹ ਦੇ ਨੇੜੇ ਰਹੋ; ਉਹ ਕਿਸੇ ਵੀ ਪਰਮੇਸ਼ੁਰ ਨਾਲੋਂ ਉੱਚਾ ਹੈ ਜਿਸ ਦੀ ਤੁਸੀਂ ਕਲਪਨਾ ਕਰ ਸਕਦੇ ਹੋ।***

***- ਸਵਾਮੀ ਵਿਵੇਕਾਨੰਦ***

**(ਸਵਾਮੀ ਵਿਵੇਕਾਨੰਦ ਦੀਆਂ ਸੰਪੂਰਨ ਰਚਨਾਵਾਂ, ਭਾਗ-8, ਪੰਨਾ ਨੰ. 182)**

ਸੰਸਾਰ ਦਾ ਅੰਤ ਹੋਵੇ ਜਾਂ ਨਾ ਹੋਵੇ, ਇਹ ਨਿਸ਼ਚਤ ਹੈ ਕਿ ਇੱਕ ਨਾ ਇੱਕ ਦਿਨ ਅਸੀਂ ਇਸ ਸੰਸਾਰ ਨੂੰ ਛੱਡਣਾ ਹੀ ਹੈ। ਇਸ ਲਈ, ਇਹ ਜਾਣਨਾ ਜ਼ਰੂਰੀ ਹੈ - ਮੈਂ ਕੌਣ ਹਾਂ? ਮਰਨ ਤੋਂ ਬਾਅਦ ਮੈਂ ਕਿੱਥੇ ਜਾਵਾਂਗਾ? ਪਵਿੱਤਰ ਬਾਈਬਲ ਇਸ ਬਾਰੇ ਇਸ ਤਰ੍ਹਾਂ ਕਹਿੰਦੀ ਹੈ:

### ਅਕਾਸ਼ ਅਤੇ ਧਰਤੀ ਦੀ ਰਚਨਾ ਅਤੇ ਮਨੁੱਖਾਂ ਦਾ ਪਾਪ ਵਿੱਚ ਡਿੱਗਣਾ

ਆਦ ਵਿੱਚ ਪਰਮੇਸ਼ੁਰ ਨੇ ਅਕਾਸ਼ ਤੇ ਧਰਤੀ ਨੂੰ ਉਤਪਤ ਕੀਤਾ। ਤਾਂ ਪਰਮੇਸ਼ੁਰ ਨੇ ਆਖਿਆ ਕਿ "ਅਸੀਂ ਆਦਮੀ ਨੂੰ ਆਪਣੇ ਸਰੂਪ ਉੱਤੇ ਅਰ ਆਪਣੇ ਵਰਗਾ ਬਣਾਈਏ।" ਯਹੋਵਾਹ ਪਰਮੇਸ਼ੁਰ ਨੇ ਆਦਮੀ ਨੂੰ ਜ਼ਮੀਨ ਦੀ ਮਿੱਟੀ ਤੋਂ ਰਚਿਆ ਅਤੇ ਉਸ ਦੀਆਂ ਨਾਸਾਂ ਵਿੱਚ ਜੀਵਣ ਦਾ ਸਾਹ ਫੂਕਿਆ ਸੋ ਆਦਮੀ ਜੀਉਂਦੀ ਜਾਨ ਹੋ ਗਿਆ। ਤਾਂ ਯਹੋਵਾਹ ਪਰਮੇਸ਼ੁਰ ਨੇ ਆਦਮੀ ਤੇ ਗੂਹੜੀ ਨੀਂਦ ਭੇਜੀ ਸੋ ਉਹ ਸੌਂ ਗਿਆ ਅਤੇ ਉਸ ਨੇ ਉਹ ਦੀਆਂ ਪਸਲੀਆਂ ਵਿੱਚੋਂ ਇੱਕ ਕੱਢ ਲਈ ਅਤੇ ਉਹ ਦੀ ਥਾਂ ਮਾਸ ਭਰ ਦਿੱਤਾ। ਤਾਂ ਯਹੋਵਾਹ ਪਰਮੇਸ਼ੁਰ ਨੇ ਉਸ ਪਸਲੀ ਤੋਂ ਜਿਹੜੀ ਉਸ ਨੇ ਆਦਮੀ ਵਿੱਚੋਂ ਕੱਢੀ ਇੱਕ ਨਾਰੀ ਬਣਾਈ। ਤਾਂ ਯਹੋਵਾਹ ਪਰਮੇਸ਼ੁਰ ਨੇ ਇੱਕ ਬਾਗ ਲਾਇਆ ਅਤੇ ਮਨੁੱਖ ਨੂੰ ਹੁਕਮ ਦਿੱਤਾ, "ਬਾਗ ਦੇ ਹਰ ਬਿਰਛ ਤੋਂ ਤੂੰ ਨਿਸੰਗ ਖਾਈਂ, ਪਰ ਭਲੇ ਬੁਰੇ ਦੀ ਸਿਆਣ ਦੇ ਬਿਰਛ ਤੋਂ ਤੂੰ ਨਾ ਖਾਈਂ ਕਿਉਂ ਜੋ ਜਿਸ ਦਿਨ ਤੂੰ ਉਸ ਤੋਂ ਖਾਵੇਂ ਤੂੰ ਜ਼ਰੂਰ ਮਰੇਂਗਾ।" ਪਰ ਸ਼ਤਾਨ ਦੁਆਰਾ ਪਰਮੇਸ਼ੁਰ ਦੀ ਅਣਆਗਿਆਕਾਰੀ ਕਰਨ ਵਾਲੀ ਔਰਤ ਨੇ ਉਸ ਰੁੱਖ ਦਾ ਫਲ ਖਾਧਾ, ਆਪਣੇ ਪਤੀ ਨੂੰ ਦਿੱਤਾ ਅਤੇ ਉਸ ਨੇ ਵੀ ਖਾ ਲਿਆ। ਇਸ ਦੁਆਰਾ ਮਨੁੱਖ ਜਾਤੀ ਵਿੱਚ ਪਾਪ ਨੇ ਪ੍ਰਵੇਸ਼ ਕੀਤਾ। ਫਿਰ ਯਹੋਵਾਹ ਨੇ ਵੇਖਿਆ ਕਿ ਆਦਮੀ ਦੀ ਬੁਰਿਆਈ ਧਰਤੀ ਉੱਤੇ ਵਧ ਗਈ ਅਰ ਉਸ ਦੇ ਮਨ ਦੇ ਵਿਚਾਰਾਂ ਦੀ ਹਰ ਇੱਕ ਭਾਵਨਾ ਸਾਰਾ ਦਿਨ ਬੁਰੀ ਹੀ ਰਹਿੰਦੀ ਹੈ। ਤਾਂ ਯਹੋਵਾਹ ਨੂੰ ਆਦਮੀ ਦੇ ਧਰਤੀ ਉੱਤੇ ਬਣਾਉਣ ਤੋਂ ਰੰਜ ਹੋਇਆ ਅਤੇ ਉਹ ਮਨ ਵਿੱਚ ਦੁਖੀ ਹੋਇਆ।

(ਉਤਪਤ ਅਧਿਆਇ 1-6)



## ਅੰਤ ਦੇ ਦਿਨਾਂ ਦੇ ਨਿਸ਼ਾਨ

ਕੌਮ ਕੌਮ ਉੱਤੇ ਅਤੇ ਪਾਤਸ਼ਾਹੀ ਪਾਤਸ਼ਾਹੀ ਉੱਤੇ ਚੜ੍ਹਾਈ ਕਰੇਗੀ ਅਤੇ ਥਾਂ ਥਾਂ ਕਾਲ ਪੈਣਗੇ ਅਤੇ ਭੁਚਾਲ ਆਉਣਗੇ। ਲੋਕ ਇੱਕ ਦੂਏ ਨਾਲ ਵੈਰ ਰੱਖਣਗੇ। ਅਤੇ ਬਹੁਤ ਸਾਰੇ ਝੂਠੇ ਨਬੀ (ਜੋ ਭਵਿੱਖ ਦੱਸਦੇ ਹਨ) ਉੱਠਣਗੇ ਅਤੇ ਬਥੇਰਿਆਂ ਨੂੰ ਭੁਲਾਵੇ ਵਿੱਚ ਪਾ ਦੇਣਗੇ। ਅਤੇ ਕੁਧਰਮ ਦੇ ਵਧਣ ਕਰਕੇ ਬਹੁਤਿਆਂ ਦੀ ਪ੍ਰੀਤ ਠੰਢੀ ਹੋ ਜਾਵੇਗੀ। ਅਤੇ ਰਾਜ ਦੀ ਇਸ ਖ਼ੁਸ਼ਖ਼ਬਰੀ ਦਾ ਪਰਚਾਰ ਸਾਰੀ ਦੁਨੀਆ ਵਿੱਚ ਕੀਤਾ ਜਾਵੇਗਾ ਜੋ ਸਭ ਕੌਮਾਂ ਉੱਤੇ ਸਾਖੀ ਹੋਵੇ ਤਦ ਅੰਤ ਆਵੇਗਾ।

(ਮੱਤੀ 24:7-14)

## ਦੁਨੀਆ ਦਾ ਅੰਤ ਕਦੋਂ ਹੋਵੇਗਾ ਅਤੇ ਅੰਤ ਦੇ ਦਿਨਾਂ ਦੌਰਾਨ ਕੀ ਹੋਵੇਗਾ?

ਪਰੰਤੂ ਪ੍ਰਭੁ ਦਾ ਦਿਨ ਚੋਰ ਵਾਂਙੁ ਆਵੇਗਾ ਜਿਹ ਦੇ ਵਿੱਚ ਅਕਾਸ਼ ਸਰਨਾਟੇ ਨਾਲ ਜਾਂਦੇ ਰਹਿਣਗੇ ਅਤੇ ਮੂਲ ਵਸਤਾਂ ਵੱਡੇ ਤਾਉ ਨਾਲ ਤਪ ਕੇ ਢਲ ਜਾਣਗੀਆਂ ਅਤੇ ਧਰਤੀ ਉਨ੍ਹਾਂ ਕਾਰਾਗਰੀਆਂ ਸਣੇ ਜੋ ਉਸ ਵਿੱਚ ਹਨ ਜਲ ਬਲ ਜਾਵੇਗੀ।

(2 ਪਤਰਸ 3:10)

ਲਗਭਗ 2023 ਸਾਲ ਪਹਿਲਾਂ, ਯੂਹੰਨਾ ਨੇ ਅਰਥਾਤ ਉਸ ਚੇਲੇ ਨੇ ਜਿਸ ਨੂੰ ਯਿਸੂ ਪਿਆਰ ਕਰਦਾ ਸੀ ਆਪਣੇ ਦਰਸ਼ਣ ਬਾਰੇ ਇਸ ਤਰ੍ਹਾਂ ਲਿਖਿਆ:

ਵੱਡਾ ਭੁਚਾਲ ਆਇਆ ਅਤੇ ਸੂਰਜ ਵਾਲਾਂ ਦੇ ਭੂਰੇ ਵਰਗਾ ਕਾਲਾ ਹੋ ਗਿਆ ਅਤੇ ਸਾਰਾ ਚੰਦਰਮਾ ਲਹੂ ਜਿਹਾ ਬਣ ਗਿਆ। ਅਤੇ ਅਕਾਸ਼ ਦੇ ਤਾਰੇ ਧਰਤੀ ਉੱਤੇ ਡਿੱਗ ਪਏ ਜਿਸ ਪਰਕਾਰ ਹੰਜ਼ੀਰ ਦੇ ਬੂਟੇ ਤੋਂ ਜਾਂ ਵੱਡੀ ਅਨ੍ਹੇਰੀ ਨਾਲ ਝੋਕੇ ਖਾਂਦਾ ਹੈ ਤਾਂ ਉਹ ਦੇ ਕੱਚੇ ਫਲ ਝੜ ਜਾਂਦੇ ਹਨ। ਅਤੇ ਅਕਾਸ਼ ਵਲ੍ਹੇਟਵੀਂ ਪੋਥੀ ਵਾਂਙੁ ਸਰਕ ਗਿਆ ਅਤੇ ਹਰੇਕ ਪਹਾੜ ਅਤੇ ਟਾਪੂ ਆਪੋ ਆਪਣੇ ਠਿਕਾਣਿਓਂ ਹਿੱਲ ਗਿਆ। ਅਤੇ ਧਰਤੇ ਦੇ ਰਾਜਿਆਂ, ਅਮੀਰਾਂ, ਫੌਜ ਦੇ ਸਰਦਾਰਾਂ, ਧਨਵਾਨਾਂ, ਬਲਵੰਤਾਂ ਅਤੇ ਹਰੇਕ ਗੁਲਾਮ ਅਤੇ ਅਜ਼ਾਦ ਨੇ ਆਪਣੇ ਆਪ ਨੂੰ ਗੁਫਾਂ ਵਿੱਚ ਅਤੇ ਪਹਾੜਾਂ ਦੀਆਂ ਚਟਾਨਾਂ ਵਿੱਚ ਲੁਕੋ ਲਿਆ। ਅਤੇ ਓਹ ਪਹਾੜਾਂ ਅਤੇ ਚਟਾਨਾਂ ਨੂੰ ਕਹਿਣ ਲੱਗੇ "ਭਈ ਸਾਡੇ ਉੱਤੇ ਡਿੱਗ ਪਓ! ਅਤੇ ਜਿਹੜਾ ਸਿੰਘਾਸਣ ਉੱਤੇ ਬਿਰਾਜਮਾਨ ਹੈ ਉਹ ਦੇ ਸਾਹਮਣਿਓਂ ਅਤੇ ਲੇਲੇ ਦੇ ਕ੍ਰੋਧ ਤੋਂ ਸਾਨੂੰ ਲੁਕਾ ਲਓ! ਕਿਉਂ ਜੋ ਓਹਨਾਂ ਦੇ ਕ੍ਰੋਧ ਦਾ ਵੱਡਾ ਦਿਹਾੜਾ ਆ ਪਹੁੰਚਿਆ ਹੈ! ਹੁਣ ਕੌਣ ਖਲੋ ਸੱਕਦਾ ਹੈ?" (ਪਰਕਾਸ਼ ਦੀ ਪੋਥੀ 6:12-17)

## ਪਰਮੇਸ਼ੁਰ ਨੇ ਨਰਕ ਕਿਉਂ ਬਣਾਇਆ ਹੈ?

ਨਿਆਉਂ ਦੇ ਦਿਨ ਜਿਹੜੇ ਖੱਬੇ ਪਾਸੇ ਹੋਣ ਉਨ੍ਹਾਂ ਨੂੰ ਵੀ ਉਹ ਕਹੇਗਾ, 'ਹੇ ਸਰਾਪੇ ਹੋਇਓ, ਮੇਰੇ ਕੋਲੋਂ ਉਸ ਸਦੀਪਕ ਅੱਗ ਵਿੱਚ ਚੱਲੇ ਜਾਓ ਜਿਹੜੀ ਸ਼ਤਾਨ ਅਤੇ ਉਹ ਦੇ ਦੂਤਾਂ ਲਈ ਤਿਆਰ ਕੀਤੀ ਹੋਈ ਹੈ। ਕਿਉਂ ਜੋ ਮੈਂ ਭੁੱਖਾ ਸਾਂ ਅਰ ਤੁਸਾਂ ਮੈਨੂੰ ਨਾ ਖੁਆਇਆ, ਮੈਂ ਤਿਹਾਇਆ ਸਾਂ ਅਰ ਤੁਸਾਂ ਮੈਨੂੰ ਨਾ ਪਿਆਇਆ। ਮੈਂ ਪਰਦੇਸੀ ਸਾਂ ਅਤੇ ਤੁਸਾਂ ਮੈਨੂੰ ਆਪਣੇ ਘਰ ਨਾ ਉਤਾਰਿਆ, ਨੰਗਾ ਸਾਂ ਅਤੇ ਤੁਸਾਂ ਮੈਨੂੰ ਨਾ ਪਹਿਨਾਇਆ, ਰੋਗੀ ਅਤੇ ਕੈਦੀ ਸਾਂ ਅਰ ਤੁਸਾਂ ਮੇਰੀ ਖ਼ਬਰ ਨਾ ਲਈ।' ਤਦ ਓਹ ਵੀ ਉੱਤਰ ਦੇਣਗੇ, 'ਪ੍ਰਭੁ ਜੀ ਕਦ ਅਸਾਂ ਤੈਨੂੰ ਭੁੱਖਾ ਯਾ ਤਿਹਾਇਆ ਯਾ ਪਰਦੇਸੀ ਯਾ ਨੰਗਾ ਯਾ ਰੋਗੀ ਯਾ ਕੈਦੀ ਵੇਖਿਆ ਅਤੇ ਤੇਰੀ ਟਹਿਲ ਨਾ ਕੀਤੀ?' ਤਦ ਉਹ ਉਨ੍ਹਾਂ ਨੂੰ ਇਹ ਉੱਤਰ ਦੇਵੇਗਾ, 'ਮੈਂ ਤੁਹਾਨੂੰ ਸਤ ਆਖਦਾ ਹਾਂ ਭਈ ਜਦ ਤੁਸਾਂ ਇਹ ਸਭਨਾਂ ਤੋਂ ਛੋਟਿਆਂ ਵਿੱਚੋਂ ਇੱਕ ਨਾਲ ਕੀਤਾ ਇਹ ਨਾ ਕੀਤਾ ਤਾਂ ਮੇਰੇ ਨਾਲ ਨਾ ਕੀਤਾ।' ਅਤੇ ਏਹ ਸਦੀਪਕ ਸਜ਼ਾ (ਨਰਕ) ਵਿੱਚ ਜਾਣਗੇ ਪਰ ਧਰਮੀ ਸਦੀਪਕ ਜੀਉਣ (ਸਵਰਗ/ਮੁਕਤੀ) ਵਿੱਚ।

(ਮੱਤੀ 25:41-46)

## ਸਾਡੀ ਮੌਤ ਤੋਂ ਬਾਅਦ ਸਾਡੇ ਨਾਲ ਕੀ ਹੁੰਦਾ ਹੈ?

ਅਤੇ ਜਿਵੇਂ ਮਨੁੱਖਾਂ ਲਈ ਇੱਕ ਵਾਰ ਮਰਨਾ ਠਹਿਰਾਇਆ ਹੋਇਆ ਹੈ ਅਤੇ ਉਹ ਦੇ ਪਿੱਛੋਂ ਨਿਆਉਂ ਹੁੰਦਾ ਹੈ। (ਇਬਰਾਨੀਆਂ 9:27)

### ਨਿਆਂ ਦੋ ਸ਼੍ਰੇਣੀਆਂ ਵਿੱਚ ਆਉਂਦਾ ਹੈ:

1. ਜਿਨ੍ਹਾਂ ਦੇ ਪਾਪ ਸਵਰਗ ਵਿੱਚ ਜਾਣ ਤੋਂ ਪਹਿਲਾਂ ਮਾਫ਼ ਕੀਤੇ ਗਏ ਹਨ, ਕਿਉਂ ਜੋ ਅਸਾਂ ਸਭਨਾਂ ਨੇ ਮਸੀਹ ਦੇ ਨਿਆਉਂ ਦੇ ਸਿੰਘਾਸਣ ਦੇ ਅੱਗੇ ਪਰਗਟ ਹੋਣਾ ਹੈ ਭਈ ਹਰੇਕ ਜੋ ਕੁਝ ਉਸ ਨੇ ਦੇਹੀ ਵਿੱਚ ਕੀਤਾ ਭਾਵੇਂ ਭਲਾ ਭਾਵੇਂ ਬੁਰਾ ਆਪੋ ਆਪਣੀਆਂ ਕਰਨੀਆਂ ਦੇ ਅਨੁਸਾਰ ਉਹ ਦਾ ਫਲ ਭੋਗੇ। ਅਰਥਾਤ ਤਾਜ, ਇਨਾਮ ਅਤੇ ਪ੍ਰਤੀ ਦਿੱਤੇ ਜਾਣਗੇ। (2 ਕੁਰਿੰਥੀਆਂ 5:10)
2. ਜਿਨ੍ਹਾਂ ਦੇ ਪਾਪ ਮਾਫ਼ ਨਹੀਂ ਕੀਤੇ ਗਏ ਹਨ ਉਹ ਸੰਸਾਰ ਦੇ ਅੰਤ ਵਿੱਚ ਵੱਡੇ ਚਿੱਟੇ ਸਿੰਘਾਸਣ ਦੇ ਅੱਗੇ ਖੜ੍ਹੇ ਹੋਣਗੇ ਜਿੱਥੇ ਪੋਥੀਆਂ ਖੋਲ੍ਹੀਆਂ ਜਾਣਗੀਆਂ। ਮੁਰਦਿਆਂ ਦਾ ਨਿਆਉਂ ਪੋਥੀਆਂ ਵਿੱਚ ਲਿਖਿਆ ਹੋਈਆਂ ਗੱਲਾਂ ਤੋਂ ਉਨ੍ਹਾਂ ਦੀਆਂ ਕਰਨੀਆਂ ਦੇ ਅਨੁਸਾਰ ਕੀਤਾ ਜਾਵੇਗਾ। ਅਤੇ ਜੇਕਰ ਕਿਸੇ ਦਾ ਨਾਮ ਜੀਵਨ ਦੀ ਪੋਥੀ ਵਿੱਚ ਲਿਖਿਆ ਹੋਇਆ ਨਾ ਲੱਭਾ, ਤਾਂ ਉਹ ਅੱਗ ਦੀ ਝੀਲ ਵਿੱਚ ਸੁੱਟ ਦਿੱਤੇ ਜਾਣਗੇ। (ਪਰਕਾਸ਼ ਦੀ ਪੋਥੀ 20:12-15)





ਪਰ ਡਰਾਕਲਾਂ, ਬੇ ਪਰਤੀਤਿਆਂ, ਘਿਣਾਉਣਿਆਂ, ਖੂਨੀਆਂ, ਹਰਾਮਕਾਰਾਂ, ਜਾਦੂਗਰਾਂ, ਮੂਰਤੀ ਪੂਜਕਾਂ ਅਤੇ ਸਾਰਿਆਂ ਝੂਠਿਆਂ ਦਾ ਹਿੱਸਾ ਓਸ ਝੀਲ ਵਿੱਚ ਹੋਵੇਗਾ ਜਿਹੜੀ ਅੱਗ ਅਤੇ ਗੰਧਕ ਨਾਲ ਬਲਦੀ ਹੈ! ਇਹ ਦੂਈ ਮੌਤ ਹੈ। ਜਿੱਥੇ ਉਨ੍ਹਾਂ ਦਾ ਕੀੜਾ ਨਹੀਂ ਮਰਦਾ ਅਤੇ ਅੱਗ ਨਹੀਂ ਬੁਝਦੀ।

ਕਿਉਂਕਿ ਹਰ ਕੋਈ ਅੱਗ ਨਾਲ ਸਲੂਣਾ ਕੀਤਾ ਜਾਵੇਗਾ।

(ਪਰਕਾਸ਼ ਦੀ ਪੋਥੀ 21:8, ਮਰਕੁਸ 9:48)

## ਸਾਨੂੰ ਨਰਕ ਤੋਂ ਬਚਣ ਅਤੇ ਸਵਰਗ ਵਿੱਚ ਪ੍ਰਵੇਸ਼ ਕਰਨ ਲਈ ਕੀ ਕਰਨਾ ਚਾਹੀਦਾ ਹੈ?

1. ਤਾਂ ਵੇਖੋ ਇੱਕ ਜਣੇ ਨੇ ਉਹ ਦੇ ਕੋਲ ਆਣ ਕੇ ਕਿਹਾ, "ਗੁਰੂ ਜੀ ਮੈਂ ਕਿਹੜਾ ਭਲਾ ਕੰਮ ਕਰਾਂ ਜੋ ਮੈਨੂੰ ਸਦੀਪਕ ਜੀਉਣ (ਮੁਕਤੀ) ਮਿਲੇ?" ਯਿਸੂ ਨੇ ਉਹ ਨੂੰ ਕਿਹਾ, "ਜੇ ਤੂੰ ਪੂਰਾ ਬਣਨਾ ਚਾਹੁੰਦਾ ਹੈਂ ਤਾਂ ਜਾਕੇ ਆਪਣਾ ਮਾਲ ਵੇਚ ਅਤੇ ਕੰਗਾਲਾਂ ਨੂੰ ਦੇ ਦਿਹ ਤਾਂ ਤੈਨੂੰ ਸੁਰਗ ਵਿੱਚ ਖ਼ਜਾਨਾ ਮਿਲੇਗਾ ਅਤੇ ਆ, ਮੇਰੇ ਮਗਰ ਹੋ ਤੁਰ।" ਪਰ ਉਸ ਜੁਆਨ ਨੇ ਜਾਂ ਇਹ ਗੱਲ ਸੁਣੀ ਤਾਂ ਉਦਾਸ ਹੋ ਕੇ ਚੱਲਿਆ ਗਿਆ ਕਿਉਂ ਜੋ ਉਹ ਵੱਡਾ ਮਾਲਦਾਰ ਸੀ। ਤਦ ਯਿਸੂ ਨੇ ਆਪਣੇ ਚੇਲਿਆਂ ਨੂੰ ਕਿਹਾ, "ਮੈਂ ਤੁਹਾਨੂੰ ਸਤ ਆਖਦਾ ਹਾਂ ਜੋ ਧਨੀ ਦਾ ਸੁਰਗ ਦੇ ਰਾਜ ਦੇ ਵਿੱਚ ਵੜਨਾ ਔਖਾ ਹੈ।" "ਧੰਨ ਓਹ ਜਿਹੜੇ ਦਿਲ ਦੇ ਗਰੀਬ ਹਨ ਕਿਉਂ ਜੋ ਸੁਰਗ ਦਾ ਰਾਜ ਉਨ੍ਹਾਂ ਦਾ ਹੈ।" (ਮੱਤੀ 19:16-26, 5:3)
2. ਯਿਸੂ ਨੇ ਮਾਰਥਾ ਨੂੰ "ਕਿਹਾ ਕਿਆਮਤ ਅਤੇ ਜੀਉਣ ਮੈਂ ਹਾਂ। ਜੋ ਮੇਰੇ ਉੱਤੇ ਨਿਹਚਾ ਕਰਦਾ ਹੈ ਭਾਵੇਂ ਉਹ ਮਰ ਜਾਵੇ ਤਾਂ ਵੀ ਜੀਵੇਗਾ। ਅਤੇ ਹਰ ਕੋਈ ਜਿਹੜਾ ਜੀਉਂਦਾ ਹੈ ਅਰ ਮੇਰੇ ਉੱਤੇ ਨਿਹਚਾ ਕਰਦਾ ਹੈ ਸੋ ਸਦੀਪਕਾਲ ਤੀਕੁ ਕਦੇ ਨਾ ਮਰੇਗਾ। ਕੀ ਤੂੰ ਇਸ ਗੱਲ ਦੀ ਪਰਤੀਤ ਕਰਦੀ ਹੈਂ?" (ਯੂਹੰਨਾ 11:25-26)
3. "ਅਰ ਕਿਸੇ ਦੂਏ ਤੋਂ ਮੁਕਤੀ ਨਹੀਂ ਕਿਉਂ ਜੋ ਅਕਾਸ਼ ਦੇ ਹੇਠਾਂ ਮਨੁੱਖਾਂ ਵਿੱਚ ਕੋਈ ਦੂਜਾ ਨਾਮ ਨਹੀਂ ਦਿੱਤਾ ਗਿਆ ਜਿਸ ਤੋਂ ਅਸੀਂ ਬਚਾਏ ਜਾਣਾ ਹੈ।" (ਰਸੂਲਾਂ ਦੇ ਕਰਤੱਬ 4:12)
4. "ਉਹ (ਯਿਸੂ) ਦੇ ਉੱਤੇ ਸਭ ਨਬੀ ਸਾਖੀ ਦਿੰਦੇ ਹਨ ਕਿ ਜੋ ਕੋਈ ਉਹ ਦੇ ਉੱਤੇ ਨਿਹਚਾ ਕਰੇ ਸੋ ਉਹ ਦੇ ਨਾਮ ਕਰਕੇ ਪਾਪਾਂ ਦੀ ਮਾਫ਼ੀ ਪਾਵੇਗਾ।" (ਰਸੂਲਾਂ ਦੇ ਕਰਤੱਬ 10:43)

### 06-04-2012 ਨੂੰ ਸ਼ਿਵਮੋਗਾ ਜ਼ਿਲ੍ਹੇ ਦੇ ਸਾਰੇ ਦੈਨਿਕ ਅਖ਼ਬਾਰਾਂ ਵਿੱਚ ਛਪਿਆ ਇੱਕ ਲੇਖ

## 18. ਸੱਤ ਗੱਲਾਂ ਜੋ ਯਿਸੂ ਮਸੀਹ ਨੇ ਸਲੀਬ ਉੱਤੇ ਕਹੀਆਂ

➢ ਯਿਸੂ ਨੇ ਉਨ੍ਹਾਂ ਲੋਕਾਂ ਵੱਲ ਜਿਨ੍ਹਾਂ ਨੇ ਉਸ ਨੂੰ ਬੇਰਹਿਮੀ ਨਾਲ ਤਸੀਹੇ ਦਿੱਤੇ ਵੇਖ ਕੇ ਕਿਹਾ:

**1. "ਹੇ ਪਿਤਾ ਉਨ੍ਹਾਂ ਨੂੰ ਮਾਫ਼ ਕਰ ਕਿਉਂ ਜੋ ਓਹ ਨਹੀਂ ਜਾਣਦੇ ਭਈ ਕੀ ਕਰਦੇ ਹਨ।"** (ਲੂਕਾ 23:34)

➢ ਆਪਣੇ ਕੋਲ ਸਲੀਬ ਉੱਤੇ ਚੜ੍ਹਾਏ ਗਏ ਡਾਕੂ ਨੂੰ ਵੇਖਦੇ ਹੋਏ, ਜਿਸ ਨੇ ਆਪਣੇ ਪਾਪਾਂ ਦਾ ਇਕਰਾਰ ਕੀਤਾ ਅਤੇ ਸਵਰਗ ਲਈ ਬੇਨਤੀ ਕੀਤੀ, ਯਿਸੂ ਨੇ ਕਿਹਾ:

**2. "ਮੈਂ ਤੈਨੂੰ ਸੱਤ ਆਖਦਾ ਹਾਂ ਭਈ ਅੱਜ ਤੂੰ ਮੇਰੇ ਸੰਗ ਸੁਰਗ ਵਿੱਚ ਹੋਵੇਂਗਾ।"** (ਲੂਕਾ 23:43)

➢ ਯਿਸੂ ਨੇ ਆਪਣੀ ਮਾਤਾ ਅਤੇ ਚੇਲੇ ਨੂੰ ਨੇੜੇ ਖਲੋਤੇ ਵੇਖਿਆ ਅਤੇ ਕਿਹਾ:

**3. "ਹੇ ਬੀਬੀ ਜੀ, ਔਹ ਵੇਖ ਤੇਰਾ ਪੁੱਤ੍ਰ।" ਫੇਰ ਉਸ ਚੇਲੇ ਨੂੰ ਕਿਹਾ, "ਔਹ ਵੇਖ ਤੇਰੀ ਮਾਤਾ।"** (ਯੂਹੰਨਾ 19:26-27)

➢ ਜਦੋਂ ਯਿਸੂ ਸਾਡੇ ਪਾਪਾਂ ਲਈ ਪਰਮੇਸ਼ੁਰ ਦਾ ਪੂਰਾ ਨਿਆਉਂ ਸਹਿ ਰਿਹਾ ਸੀ, ਤਾਂ ਉਸ ਨੇ ਆਤਮਿਕ ਵੀਰਾਨੀ ਦਾ ਸਾਹਮਣਾ ਕੀਤਾ ਅਤੇ ਕਿਹਾ:

**4. "ਹੇ ਮੇਰੇ ਪਰਮੇਸ਼ੁਰ, ਹੇ ਮੇਰੇ ਪਰਮੇਸ਼ੁਰ, ਤੈਂ ਮੈਨੂੰ ਕਿਉਂ ਛੱਡ ਦਿੱਤਾ?"** (ਮਰਕੁਸ 15:34)

➢ ਯਿਸੂ ਨੂੰ ਪਿਛਲੀ ਰਾਤ ਅਤੇ ਅਗਲੇ ਦਿਨ ਸਵੇਰੇ 9 ਵਜੇ ਤੋਂ ਦੁਪਹਿਰ 3 ਵਜੇ ਤੱਕ ਗ੍ਰਿਫਤਾਰ ਕੀਤਾ ਗਿਆ ਸੀ। ਉਸ ਨੂੰ ਸਲੀਬ ਉੱਤੇ ਟੰਗਿਆ ਗਿਆ ਸੀ ਅਤੇ ਉਸ ਦੇ ਲਹੂ ਵਹਿ ਰਿਹਾ ਸੀ। ਉਸ ਨੇ ਇਹ ਸ਼ਬਦ ਲਿਖਤ ਨੂੰ ਪੂਰਾ ਕਰਨ ਲਈ ਕਿਹਾ:

**5. "ਮੈਂ ਤਿਹਾਇਆ ਹਾਂ।"** (ਯੂਹੰਨਾ 19:28)

ਜਦੋਂ ਯਿਸੂ ਨੇ ਸਲੀਬ ਉੱਤੇ ਮੁਕਤੀ ਦਾ ਕੰਮ ਪੂਰਾ ਕੀਤਾ, ਤਾਂ ਉਸ ਨੇ ਕਿਹਾ:

**6. "ਪੂਰਾ ਹੋਇਆ ਹੈ।"** (ਯੂਹੰਨਾ 19:30)

➢ ਜਦੋਂ ਯਿਸੂ ਨੇ ਪਿਤਾ (ਪਰਮੇਸ਼ੁਰ) ਦੀ ਇੱਛਾ ਪੂਰੀ ਕੀਤੀ, ਤਾਂ ਉਸ ਨੇ ਇਹ ਕਹਿੰਦੇ ਹੋਏ ਆਪਣੇ ਪ੍ਰਾਣ ਤਿਆਗ ਦਿੱਤੇ:

**7. "ਹੇ ਪਿਤਾ ਮੈਂ ਆਪਣਾ ਆਤਮਾ ਤੇਰੇ ਹੱਥੀਂ ਸੌਂਪਦਾ ਹਾਂ!"** (ਲੂਕਾ 23:46)



ਪਰਮੇਸ਼ੁਰ ਨੇ ਸਾਰੇ ਸੰਸਾਰ ਦੇ ਪਾਪ ਯਿਸੂ ਮਸੀਹ ਉੱਤੇ ਰੱਖੇ। ਯਿਸੂ ਨੇ ਪਾਪਾਂ ਤੋਂ ਬਿਨ੍ਹਾਂ ਪਵਿੱਤਰ ਹੋਣ ਦੇ ਬਾਵਜੂਦ ਸਾਡੇ ਸਾਰੇ ਪਾਪਾਂ ਨੂੰ ਝੱਲਿਆ, ਸਰੀਰਕ ਅਤੇ ਆਤਮਿਕ ਤੌਰ ਤੇ 6 ਘੰਟਿਆਂ ਲਈ ਸਲੀਬ ਉੱਤੇ ਦੁੱਖ ਝੱਲਿਆ ਅਤੇ 'ਪੂਰਾ ਹੋਇਆ ਹੈ' ਅਰਥਾਤ ਲੋਕਾਂ ਨੂੰ ਉਨ੍ਹਾਂ ਦੇ ਪਾਪਾਂ ਤੋਂ ਛੁਡਾਉਣ ਦਾ ਕੰਮ ਪੂਰਾ ਹੋ ਗਿਆ ਹੈ, ਕਹਿ ਕੇ ਪ੍ਰਾਣ ਤਿਆਗ ਦਿੱਤੇ। ਇਸ ਲਈ, ਜਿਸ ਦਿਨ ਸਾਨੂੰ ਪਾਪਾਂ ਦੀ ਗੁਲਾਮੀ ਤੋਂ ਛੁਟਕਾਰਾ ਮਿਲਿਆ ਸੀ, ਉਸ ਦਿਨ ਨੂੰ "ਗੁੱਡ ਫਰਾਈਡੇ" ਕਿਹਾ ਜਾਂਦਾ ਹੈ।

~*~*~*~*~*~

### ਸ਼ਿਵਮੋਗਾ ਸਥਾਨਕ ਦੈਨਿਕ ਅਖ਼ਬਾਰ ਵਿੱਚ 06-12-2013 ਨੂੰ ਪ੍ਰਕਾਸ਼ਿਤ ਇੱਕ ਲੇਖ

## 19. ਯਿਸੂ ਮਸੀਹ ਦੀ ਸਿੱਖਿਆ ਦਾ ਸਾਰੀ ਦੁਨੀਆ ਵਿੱਚ ਪਰਚਾਰ ਕੀਤਾ ਗਿਆ

**"ਦੂਜਿਆਂ ਦੀ ਭਲਾਈ ਲਈ ਆਪਣਾ ਜੀਵਨ ਸਮਰਪਿਤ ਕਰੋ; ਮਹਾਨ ਕਾਰਜ ਮਹਾਨ ਕੁਰਬਾਨੀ ਨਾਲ ਹੀ ਸੰਭਵ ਹੈ। ਜੋ ਵਿਅਕਤੀ ਆਪਣੇ ਦਿਲ ਦੇ ਲਹੂ ਨਾਲ ਦੂਜਿਆਂ ਲਈ ਰਾਹ ਬਣਾਉਂਦਾ ਹੈ ਉਹ ਮਹਾਨ ਵਿਅਕਤੀ ਹੈ।" – ਸਵਾਮੀ ਵਿਵੇਕਾਨੰਦ**

**(ਵਿਦਯੁਤ ਵਾਣੀ, ਪੰਨਾ ਨੰ: 6 ਅਤੇ 7)**

ਲਗਭਗ 2023 ਸਾਲ ਪਹਿਲਾਂ, ਮਨੁੱਖੀ ਸਰੀਰ ਵਿੱਚ ਇਸ ਸੰਸਾਰ ਵਿੱਚ ਜਨਮ ਲੈ ਕੇ ਯਿਸੂ ਮਸੀਹ ਸਾਢੇ 33 ਸਾਲ (ਦੇਹਧਾਰੀ) ਰਿਹਾ। ਧਰਤੀ ਉੱਤੇ ਆਪਣੇ ਜੀਵਨ ਦੇ ਆਖ਼ਰੀ ਸਾਢੇ 3 ਸਾਲਾਂ ਦੌਰਾਨ, ਉਸ ਨੇ ਦੁਸ਼ਮਣੀ, ਸੁਆਰਥ ਅਤੇ ਭ੍ਰਿਸ਼ਟਾਚਾਰ ਨਾਲ ਭਰੀ ਦੁਨੀਆ ਵਿੱਚ ਪਰਮੇਸ਼ੁਰ ਦੇ ਰਾਜ ਦਾ ਪਰਚਾਰ ਕਰਦੇ ਹੋਏ ਇਸਰਾਏਲ ਦੀ ਸਾਰੀ ਧਰਤੀ ਦੀ ਯਾਤਰਾ ਕੀਤੀ। ਆਪਣੀ ਸੇਵਕਾਈ ਦੇ ਸ਼ੁਰੂ ਵਿੱਚ, ਉਸ ਨੇ 12 ਚੇਲਿਆਂ ਨੂੰ ਚੁਣਿਆ ਜਿਨ੍ਹਾਂ ਨੂੰ ਉਸ ਨੇ ਰਸੂਲ ਨਾਮ ਦਿੱਤਾ। ਉਸ ਨੇ ਉਨ੍ਹਾਂ ਨੂੰ ਹੁਕਮ ਦਿੱਤਾ: "ਵੇਖੋ ਮੈਂ ਤੁਹਾਨੂੰ ਭੇਡਾਂ ਵਾਂਙੁ ਬਘਿਆੜਾ ਵਿੱਚ ਭੇਜਦਾ ਹਾਂ।" ਅਤੇ ਇਸਰਾਏਲ ਦੇ ਲੋਕਾਂ ਨੂੰ ਕਹਿੰਦਾ ਹੈ, "ਪਰਮੇਸ਼ੁਰ ਦਾ ਰਾਜ ਨੇੜੇ ਆ ਗਿਆ ਹੈ।" ਪਾਪਾਂ ਤੋਂ ਤੋਬਾ ਕਰੋ ਅਤੇ ਮੁਕਤੀ ਪ੍ਰਾਪਤ ਕਰੋ। ਚੇਲੇ ਵਾਪਸ ਆ ਕੇ ਬੋਲੇ, "ਪ੍ਰਭੂ ਜੀ ਤੇਰੇ ਨਾਮ ਕਰਕੇ ਭੂਤ ਭੀ ਸਾਡੇ ਵੱਸ ਵਿੱਚ ਹਨ!" ਯਿਸੂ ਨੇ ਉੱਤਰ ਦਿੱਤਾ, "ਪਰ ਇਸ ਤੋਂ ਅਨੰਦ ਨਾ ਹੋਵੋ ਕਿ ਰੂਹਾਂ ਤੁਹਾਡੇ ਵੱਸ ਵਿੱਚ ਹਨ ਪਰ ਇਸ ਤੋਂ ਅਨੰਦ ਹੋਵੋ ਭਈ ਤੁਹਾਡੇ ਨਾਉਂ ਸੁਰਗ ਵਿੱਚ ਲਿਖੇ ਹੋਏ ਹਨ।"

ਪਤਰਸ ਨੇ ਯਿਸੂ ਨੂੰ ਪੁੱਛਿਆ, "ਵੇਖ ਅਸੀਂ ਸੱਭੋ ਕੁਝ ਛੱਡ ਕੇ ਤੇਰੇ ਮਗਰ ਹੋ ਤੁਰੇ ਹਾਂ, ਫੇਰ ਸਾਨੂੰ ਕੀ ਲੱਭੂ?" ਯਿਸੂ ਨੇ ਕਿਹਾ, "ਅਤੇ ਹਰ ਕੋਈ ਜਿਹ ਨੇ ਘਰਾਂ ਯਾ ਭਾਈਆਂ ਯਾ ਭੈਣਾਂ ਯਾ ਪਿਉ ਯਾ ਮਾਂ ਯਾ ਬਾਲ ਬੱਚਿਆਂ ਯਾ ਜਮੀਨ ਨੂੰ ਮੇਰੇ ਨਾਮ ਦੇ ਕਾਰਨ ਛੱਡਿਆ ਹੈ ਉਹ ਸੌ ਗੁਣਾ ਪਾਵੇਗਾ ਅਤੇ ਸਦੀਪਕ ਜੀਉਣ (ਮੁਕਤੀ) ਦਾ ਵਾਰਸ ਹੋਵੇਗਾ।" ਜੀ ਉੱਠਣ ਤੋਂ ਬਾਅਦ, ਯਿਸੂ ਸਵਰਗ ਨੂੰ ਚੜ੍ਹਨ ਤੋਂ ਪਹਿਲਾਂ ਧਰਤੀ ਉੱਤੇ 40 ਦਿਨਾਂ ਦੌਰਾਨ ਗਿਆਰਾਂ ਵਾਰ ਆਪਣੇ ਚੇਲਿਆਂ ਉੱਤੇ ਪ੍ਰਗਟ ਹੋਇਆ ਸੀ। ਯਿਸੂ ਦੇ ਸਵਰਗ ਵਿੱਚ ਉਠਾਏ ਜਾਣ ਤੋਂ ਪਹਿਲਾਂ, ਉਸ ਨੇ ਆਪਣੇ ਚੇਲਿਆਂ ਨੂੰ ਕਿਹਾ, "ਅਕਾਸ਼ ਅਤੇ ਧਰਤੀ ਦਾ ਸਾਰਾ ਇਖ਼ਤਿਆਰ ਮੈਨੂੰ ਦਿੱਤਾ ਗਿਆ ਹੈ। ਵੇਖੋ ਮੈਂ ਜੁਗ ਦੇ ਅੰਤ ਤੀਕਰ ਹਰ ਵੇਲੇ ਤੁਹਾਡੇ ਨਾਲ ਹਾਂ।" **"ਤੁਸੀਂ ਸਾਰੇ ਜਗਤ ਵਿੱਚ ਜਾ ਕੇ ਸਰਬੱਤ ਸਰਿਸ਼ਟ ਦੇ ਸਾਹਮਣੇ ਖੁਸ਼ਖ਼ਬਰੀ (ਮੁਕਤੀ ਦੇ ਰਾਹ) ਦਾ ਪਰਚਾਰ ਕਰੋ।"**

ਬਾਰ੍ਹਾਂ ਚੇਲੇ ਨਾ ਤਾਂ ਆਲੀਸ਼ਾਨ ਜੀਵਨ ਜੀਉਣ ਲਈ ਅਤੇ ਨਾ ਹੀ ਕਿਸੇ ਪ੍ਰਸਿੱਧੀ ਜਾਂ ਨਾਮ ਲਈ ਯਿਸੂ ਮਸੀਹ ਦੇ ਮਗਰ ਤੁਰੇ ਸਨ। ਦਰਅਸਲ, ਯਿਸੂ ਨੇ ਕਦੇ ਵੀ ਉਨ੍ਹਾਂ ਨੂੰ ਮੁਸ਼ਕਲਾਂ ਤੋਂ ਮੁਕਤ ਜੀਵਨ ਦੇਣ ਦਾ ਵਾਅਦਾ ਨਹੀਂ ਕੀਤਾ ਅਤੇ ਨਾ ਹੀ ਧਰਤੀ ਉੱਤੇ ਸੁੰਦਰ ਭਵਿੱਖ ਦਾ ਲਾਲਚ ਦਿੱਤਾ। ਹਾਲਾਂਕਿ ਚੇਲਿਆਂ ਕੋਲ ਯਰੂਸ਼ਲਮ ਸ਼ਹਿਰ ਜਾਂ ਗਲੀਲ ਦੇ ਦੇਸ਼ ਵਿੱਚ ਆਰਾਮਦਾਇਕ ਜੀਵਨ ਜੀਉਣ ਦੀ ਯੋਜਨਾ ਬਣਾਉਣ ਦਾ ਹਰ ਮੌਕਾ ਸੀ, ਪਰ ਉਨ੍ਹਾਂ ਨੇ ਸਵੈ ਇੱਛਾ ਨਾਲ ਖ਼ਤਰਨਾਕ ਰਾਹ ਚੁਣਿਆ। ਉਨ੍ਹਾਂ ਨੇ ਖਾਨਾਬਦੋਸ਼ ਜੀਵਨ ਬਤੀਤ ਕੀਤਾ ਅਤੇ ਸ਼ਾਂਤੀ, ਪ੍ਰੇਮ ਅਤੇ ਮੇਲ-ਮਿਲਾਪ ਦੇ ਸੰਦੇਸ਼ ਦਾ ਪਰਚਾਰ ਕੀਤਾ, ਜੋ ਯਿਸੂ ਮਸੀਹ ਨੇ ਉਨ੍ਹਾਂ ਨੂੰ ਸਿਖਾਇਆ ਸੀ।

## ਜਿਸ ਤਰੀਕੇ ਨਾਲ ਯਿਸੂ ਨੇ 12 ਰਸੂਲਾਂ (ਚੇਲਿਆਂ) ਨੂੰ ਚੁਣਿਆ ਅਤੇ ਉਨ੍ਹਾਂ ਦੀ ਵਚਨਬੱਧਤਾ:

**(ਮੱਤੀ 10:2-4; ਮਰਕੁਸ 3:16-19; ਲੂਕਾ 6:14-16) ਗਲੀਲ ਦੀ ਝੀਲ ਦੇ ਕੰਢੇ ਉੱਤੇ ਫਿਰਦਿਆਂ ਉਸ ਨੇ ਸ਼ਮਊਨ (ਪਤਰਸ) ਅਰ ਸ਼ਮਊਨ ਦੇ ਭਰਾ ਅੰਦ੍ਰਿਯਾਸ ਨੂੰ ਝੀਲ ਵਿੱਚ ਜਾਲ ਪਾਉਂਦਿਆਂ ਡਿੱਠਾ ਕਿਉਂ ਜੋ ਉਹ ਮਾਛੀ ਸਨ। ਯਿਸੂ ਨੇ ਉਨ੍ਹਾਂ ਨੂੰ ਆਖਿਆ, "ਮੇਰੇ ਮਗਰ ਆਓ ਤਾਂ ਮੈਂ ਤੁਹਾਨੂੰ ਮਨੁੱਖਾਂ ਦੇ ਸ਼ਿਕਾਰੀ ਬਣਾਵਾਂਗਾ।" ਅਤੇ ਓਹ ਝੱਟ ਜਾਲਾਂ ਨੂੰ ਛੱਡ ਕੇ ਉਹ ਦੇ ਮਗਰ ਹੋ ਤੁਰੇ।** (ਮਰਕੁਸ 1:16-18)



1. **ਪਤਰਸ:** ਉਹ ਇੱਕ ਮਛਿਆਰਾ ਸੀ ਅਤੇ ਯਿਸੂ ਦੇ ਸਭ ਤੋਂ ਪਿਆਰੇ ਚੇਲਿਆਂ ਵਿੱਚੋਂ ਇੱਕ ਸੀ। ਉਹ ਇੱਕ ਮਜ਼ਬੂਤ ਵਿਅਕਤੀ ਸੀ, ਫਿਰ ਵੀ ਉਸ ਦੀ ਇੱਕ ਕਮਜ਼ੋਰੀ ਸੀ। ਜਦੋਂ ਯਿਸੂ ਮਸੀਹ ਨੇ ਇਸ ਨਿਮਰ ਵਿਅਕਤੀ ਨੂੰ ਬੁਲਾਇਆ, ਤਾਂ ਉਹ ਗੋਡਿਆਂ ਭਾਰ ਡਿੱਗ ਪਿਆ ਅਤੇ ਕਿਹਾ - ਪ੍ਰਭੂ, ਮੈਂ ਇੱਕ ਪਾਪੀ ਹਾਂ ਕਿਰਪਾ ਕਰਕੇ ਮੈਨੂੰ ਛੱਡ ਦਿਓ। ਉਹ ਇੱਕ ਸਿੱਧਾ ਸਾਦਾ ਅਤੇ ਪਿਆਰ ਕਰਨ ਵਾਲੀ ਸ਼ਖਸੀਅਤ ਸੀ। ਉਸ ਨੇ ਯਿਸੂ ਦੀ ਸਾਹਮਣੇ ਇਕਰਾਰ ਕੀਤਾ, "ਤੂੰ ਮਸੀਹ ਜੀਉਂਦੇ ਪਰਮੇਸ਼ੁਰ ਦਾ ਪੁੱਤ੍ਰ ਹੈਂ। ਸਦੀਪਕ ਜੀਉਣ ਦੀਆਂ ਗੱਲਾਂ ਤਾਂ ਤੇਰੇ ਕੋਲ ਹਨ।" ਮਸੀਹ ਨੇ ਕਿਸੇ ਹੋਰ ਨੂੰ ਉਸ ਤਰ੍ਹਾਂ ਸਿਖਲਾਈ ਨਹੀਂ ਦਿੱਤੀ ਜਿਵੇਂ ਉਸ ਨੇ ਪਤਰਸ ਨੂੰ ਸਿਖਲਾਈ ਦਿੱਤੀ ਸੀ। ਉਸ ਨੇ ਕਿਸੇ ਦੀ ਓਨੀ ਪ੍ਰਸ਼ੰਸਾ ਨਹੀਂ ਕੀਤੀ ਜਾਂ ਝਿੜਕਿਆ ਨਹੀਂ ਜਿੰਨਾ ਉਸ ਨੇ ਪਤਰਸ ਨੂੰ ਝਿੜਕਿਆ ਸੀ। ਹਾਲਾਂਕਿ ਉਹ ਕੋਈ ਮਹਾਨ ਵਿਦਵਾਨ ਨਹੀਂ ਸੀ, ਮਸੀਹ ਦੇ ਜੀ ਉੱਠਣ ਤੋਂ ਬਾਅਦ, ਉਸ ਦਾ ਇੱਕੋ ਪਰਚਾਰ 3000 ਲੋਕਾਂ ਨੂੰ ਮਸੀਹ ਵਿੱਚ ਲੈ ਆਇਆ। ਉਸ ਦੇ ਪਰਛਾਵੇਂ ਤੋਂ ਬਿਮਾਰ ਲੋਕ ਚੰਗੇ ਹੋ ਜਾਂਦੇ ਸਨ। ਪਰਮੇਸ਼ੁਰ ਨੇ ਉਸ ਨੂੰ ਸ਼ਕਤੀਸ਼ਾਲੀ ਢੰਗ ਨਾਲ ਇਸਤੇਮਾਲ ਕੀਤਾ। ਮਸੀਹ ਦੇ ਜੀ ਉੱਠਣ ਤੋਂ ਬਾਅਦ, ਉਸ ਨੇ ਬਹੁਤ ਦਲੇਰੀ ਨਾਲ ਪਰਚਾਰ ਕੀਤਾ। ਜਦੋਂ ਉਸ ਨੂੰ ਰੋਮ ਸ਼ਹਿਰ ਵਿੱਚ ਸਲੀਬ ਦਿੱਤੀ ਗਈ ਸੀ, ਇਹ ਜਾਣਦੇ ਹੋਏ ਕਿ ਉਹ ਮਸੀਹ ਵਾਂਗ ਮਰਨ ਦੇ ਯੋਗ ਨਹੀਂ ਸੀ। ਉਸ ਨੇ ਉਨ੍ਹਾਂ ਨੂੰ ਉਲਟਾ ਸਲੀਬ ਉੱਤੇ ਚੜ੍ਹਾਉਣ ਦੀ ਬੇਨਤੀ ਕੀਤੀ ਅਤੇ ਉਸ ਨੂੰ ਸਲੀਬ ਉੱਤੇ ਉਲਟਾ ਹੀ ਟੰਗ ਕੇ ਮਾਰਿਆ ਗਿਆ।

   **ਮੌਤ ਦਾ ਸਾਲ: 64 ਈਸਵੀ**

2. **ਅੰਦ੍ਰਿਯਾਸ:** ਉਹ ਪਤਰਸ ਦਾ ਭਰਾ ਸੀ ਅਤੇ ਪਹਿਲਾਂ ਉਹ ਯੂਹੰਨਾ ਬਪਤਿਸਮਾ ਦੇਣ ਵਾਲੇ ਦਾ ਚੇਲਾ ਸੀ। ਇੱਕ ਵਾਰ ਜਦੋਂ ਯੂਹੰਨਾ ਨੇ ਯਿਸੂ ਨੂੰ ਵੇਖਿਆ ਅਤੇ ਕਿਹਾ, "ਵੇਖੋ ਪਰਮੇਸ਼ੁਰ ਦਾ ਲੇਲਾ" ਤਾਂ ਉਹ ਯਿਸੂ ਦੇ ਪਿੱਛੇ ਹੋ ਤੁਰਿਆ। ਉਹੀ ਹੈ ਜਿਹੜਾ ਪਤਰਸ ਨੂੰ ਮਸੀਹ ਕੋਲ ਲੈ ਕੇ ਗਿਆ। ਭਾਵੇਂ ਕਿ ਉਸ ਨੂੰ ਯੂਹੰਨਾ ਦੁਆਰਾ ਕਾਫ਼ੀ ਸਿਖਲਾਈ ਦਿੱਤੀ ਗਈ ਸੀ ਅਤੇ ਉਹ ਇੱਕ ਯੋਗ ਆਗੂ ਸੀ, ਉਹ ਬਹੁਤ ਸਾਰੇ ਲੋਕਾਂ ਨੂੰ ਮਸੀਹ ਵੱਲ ਲੈ ਜਾਣ ਅਤੇ ਮਸੀਹ ਦੀ ਕਲੀਸੀਆ ਨੂੰ ਬਣਾਉਣ ਵਿੱਚ ਬਹੁਤ ਮਹੱਤਵਪੂਰਣ ਭੂਮਿਕਾ ਨਿਭਾਉਂਦੇ ਹੋਏ ਸੇਵਾ ਵਿੱਚ ਪਤਰਸ ਦੇ ਨਾਲ ਇੱਕ ਰੀੜ੍ਹ ਦੀ ਹੱਡੀ ਵਜੋਂ ਖੜ੍ਹਾ ਸੀ। ਉਹ ਸਾਡੇ ਸਾਰਿਆਂ ਲਈ ਇੱਕ ਨਮੂਨਾ ਹੈ। ਅੰਤ ਵਿੱਚ, ਉਸ ਨੂੰ ਬੇਰਹਿਮੀ ਨਾਲ ਕੋਰੜੇ ਮਾਰੇ ਗਏ ਅਤੇ ਯ ਆਕਾਰ ਦੀ ਸਲੀਬ ਉੱਤੇ ਲਗਭਗ 2 ਦਿਨਾਂ ਤੱਕ ਉਸ

ਜਗ੍ਹਾ ਉੱਤੇ ਟੰਗਿਆ ਗਿਆ ਜਿੱਥੇ ਪਤਰਸ 3000 ਲੋਕਾਂ ਨੂੰ ਮਸੀਹ ਅਤੇ ਮੁਕਤੀ ਵੱਲ ਲੈ ਕੇ ਆਇਆ ਸੀ। ਉਸ ਨੇ ਆਪਣੀ ਮੌਤ ਤੱਕ ਮਸੀਹ ਦੇ ਪਿਆਰ ਅਤੇ ਮੁਕਤੀ ਦੇ ਰਾਹ ਦਾ ਪਰਚਾਰ ਕੀਤਾ।

**ਮੌਤ ਦਾ ਸਾਲ: 70 ਈਸਵੀ**

3. **ਯਾਕੂਬ:** ਯਾਕੂਬ ਜੋ ਯੂਹੰਨਾ ਦਾ ਵੱਡਾ ਭਰਾ ਸੀ ਮਸੀਹ ਦਾ ਦੂਰ ਦਾ ਰਿਸ਼ਤੇਦਾਰ ਸੀ ਅਤੇ ਹੋ ਸਕਦਾ ਹੈ ਕਿ ਉਹ ਆਪਣੇ ਬਚਪਨ ਤੋਂ ਹੀ ਮਸੀਹ ਨੂੰ ਜਾਣਦਾ ਸੀ। ਉਹ ਪ੍ਰਭੂ ਯਿਸੂ ਦੀ ਸੇਵਕਾਈ ਵਿੱਚ 'ਗਰਜਣ ਦੇ ਪੁੱਤ੍ਰ' ਦੇ ਉਪਨਾਮ ਨਾਲ ਸ਼ਾਮਲ ਸੀ। ਉਸ ਦੇ ਗੋਡੇ ਊਠ ਦੀਆਂ ਲੱਤਾਂ ਵਾਂਗ ਖੁਰਦਰੇ ਸਨ ਕਿਉਂਕਿ ਉਹ ਹਮੇਸ਼ਾ ਆਪਣੇ ਗੋਡਿਆਂ ਭਾਰ ਬੈਠ ਕੇ ਪ੍ਰਾਰਥਨਾ ਕਰਦਾ ਸੀ। ਇੱਕ ਵਾਰ ਜਦੋਂ ਮਸੀਹ ਪਤਰਸ, ਯਾਕੂਬ ਅਤੇ ਯੂਹੰਨਾ ਨੂੰ ਉੱਚੇ ਪਹਾੜ ਉੱਤੇ ਪ੍ਰਾਰਥਨਾ ਕਰਨ ਲਈ ਲੈ ਗਿਆ ਅਤੇ ਉਨ੍ਹਾਂ ਦੇ ਸਾਹਮਣੇ ਯਿਸੂ ਦਾ ਰੂਪ ਬਦਲਿਆ, ਤਾਂ ਉਸ ਦਾ ਚਿਹਰਾ ਸੂਰਜ ਵਾਂਗ ਚਮਕਿਆ ਅਤੇ ਉਸ ਦੇ ਕੱਪੜੇ ਚਾਨਣ ਵਾਂਗ ਚਮਕੇ। ਇਹ ਇੱਕ ਖਾਸ ਗੱਲ ਹੈ ਕਿ ਯਿਸੂ ਪਤਰਸ, ਯਾਕੂਬ ਅਤੇ ਯੂਹੰਨਾ ਨੂੰ ਗਥਸਮਨੀ ਬਾਗ ਵਿੱਚ ਪ੍ਰਾਰਥਨਾ ਕਰਨ ਲਈ ਆਪਣੇ ਨਾਲ ਲੈ ਗਿਆ ਕਿਉਂਕਿ ਉਸ ਦੇ ਸਲੀਬ ਦਿੱਤੇ ਦੇਣ ਦਾ ਸਮਾਂ ਨੇੜੇ ਆ ਰਿਹਾ ਸੀ। ਸਪੇਨ ਦੇ ਰਾਜੇ ਹੇਰੋਦੇਸ ਨੇ ਨਾ ਸਿਰਫ ਮਸੀਹੀ ਕਲੀਸੀਆ ਦੇ ਕੁਝ ਲੋਕਾਂ ਨੂੰ ਤਸੀਹੇ ਦਿੱਤੇ ਸਨ, ਸਗੋਂ ਤਲਵਾਰ ਨਾਲ ਉਸ ਦਾ ਵੀ ਸਿਰ ਕਲਮ ਕਰ ਕੇ ਮਾਰ ਦਿੱਤਾ ਸੀ। ਉਹ ਯਿਸੂ ਲਈ ਸ਼ਹੀਦ ਹੋਣ ਵਾਲਾ ਪਹਿਲਾ ਰਸੂਲ ਸੀ।

**ਮੌਤ ਦਾ ਸਾਲ: 44–45 ਈਸਵੀ**

4. **ਯੂਹੰਨਾ:** ਯੂਹੰਨਾ ਯਾਕੂਬ ਦਾ ਭਰਾ ਸੀ। ਉਸ ਨੂੰ 'ਗਰਜਣ ਦੇ ਪੁੱਤ੍ਰ' ਵਜੋਂ ਵੀ ਉਪਨਾਮ ਦਿੱਤਾ ਗਿਆ ਸੀ। ਉਹ ਸਭ ਤੋਂ ਪਿਆਰਾ ਚੇਲਾ ਸੀ ਜੋ ਹਮੇਸ਼ਾ ਯਿਸੂ ਦੇ ਨਾਲ ਰਹਿੰਦਾ ਸੀ ਅਤੇ ਉਸ ਨੇ ਯਿਸੂ ਦੀ ਛਾਤੀ ਉੱਤੇ ਢਾਸਣਾ ਲਾਇਆ ਸੀ। ਜਦੋਂ ਯਿਸੂ ਸਲੀਬ ਉੱਤੇ ਸੀ, ਉਸ ਨੇ ਇਸ ਚੇਲੇ ਨੂੰ ਵੇਖਿਆ ਅਤੇ ਆਪਣੀ ਮਾਤਾ ਨੂੰ ਆਖਿਆ, "ਔਹ ਵੇਖ ਤੇਰਾ ਪੁੱਤ੍ਰ", ਫਿਰ ਇਸ ਚੇਲੇ ਨੂੰ ਕਿਹਾ, "ਔਹ ਵੇਖ ਤੇਰੀ ਮਾਤਾ।" ਉਸ ਸਮੇਂ ਤੋਂ ਇਸ ਚੇਲੇ ਨੇ ਯਿਸੂ ਦੀ ਮਾਤਾ ਨੂੰ ਬੜੇ ਪਿਆਰ ਨਾਲ ਆਪਣੇ ਘਰ ਰੱਖਿਆ। ਉਸ ਕੋਲ ਕਿੰਨੀ ਸ਼ਾਨਦਾਰ ਬਰਕਤ ਸੀ! ਉਹ ਯਿਸੂ ਦੇ ਨਾਲ ਸੀ ਜਦੋਂ ਉਸ ਨੂੰ ਸਲੀਬ ਦਿੱਤਾ ਗਿਆ ਸੀ, ਜਦੋਂ ਉਸ ਦੇ ਸਾਰੇ ਚੇਲੇ ਡਰ ਦੇ ਮਾਰੇ ਭੱਜ ਗਏ ਸਨ। ਇੱਕ ਵਾਰ ਉਸ ਨੂੰ ਉਬਲਦੇ ਤੇਲ ਵਿੱਚ ਪਾਇਆ ਗਿਆ ਪਰ ਪਰਮੇਸ਼ੁਰ ਨੇ ਉਸ ਨੂੰ ਨੁਕਸਾਨ ਤੋਂ ਬਚਾ ਲਿਆ। "ਕਿਉਂਕਿ ਜਿਹੜਾ ਆਪਣੀ ਜਾਨ ਬਚਾਉਣੀ



ਚਾਹੇ ਉਹ ਉਸ ਨੂੰ ਗੁਆ ਦੇਵੇਗਾ ਪਰ ਜਿਹੜਾ ਮੇਰੇ ਲਈ ਆਪਣੀ ਜਾਨ ਗੁਆਏ ਉਹ ਉਸ ਨੂੰ ਲੱਭ ਲਵੇਗਾ।" ਯਿਸੂ ਦੇ ਇਹ ਸ਼ਬਦ ਉਸ ਦੇ ਜੀਵਨ ਵਿੱਚ ਸੱਚੇ ਪਾਏ ਜਾ ਸਕਦੇ ਹਨ। ਜਦੋਂ ਉਹ ਪਾਤਮੁਸ ਟਾਪੂ ਦੀ ਜੇਲ੍ਹ ਵਿੱਚ ਕੈਦ ਸੀ, ਤਾਂ ਯਿਸੂ ਨੇ ਉਸ ਨੂੰ ਇੱਕ ਦਰਸ਼ਣ ਦਿੱਤਾ ਅਤੇ ਉਸ ਨੂੰ ਉਹ ਸਭ ਕੁਝ ਪਰਗਟ ਕੀਤਾ ਜੋ ਅੰਤ ਦੇ ਸਮੇਂ ਵਿੱਚ ਹੋਵੇਗਾ। ਉਹ ਯਿਸੂ ਦਾ ਇੱਕੋ ਇੱਕ ਚੇਲਾ ਸੀ ਜੋ ਬੁਢਾਪੇ ਵਿੱਚ ਕੁਦਰਤੀ ਮੌਤ ਮਰਿਆ।

**ਮੌਤ ਦਾ ਸਾਲ: 95 ਈਸਵੀ**

5. **ਫ਼ਿਲਿੱਪੁਸ:** ਜਦੋਂ ਯਿਸੂ ਗਲੀਲ ਲਈ ਰਵਾਨਾ ਹੋਣ ਵਾਲਾ ਸੀ, ਉਸ ਨੇ ਫ਼ਿਲਿੱਪੁਸ ਨੂੰ ਬੈਤਸੈਦੇ ਤੋਂ ਲੱਭ ਕੇ ਆਖਿਆ, "ਮੇਰੇ ਪਿੱਛੇ ਹੋ ਤੁਰ" ਅਤੇ ਉਹ ਯਿਸੂ ਦੇ ਮਗਰ ਹੋ ਤੁਰਿਆ। ਉਸ ਨੇ ਇੱਕ ਵਾਰ ਯਿਸੂ ਨੂੰ ਕਿਹਾ, "ਪ੍ਰਭੂ ਜੀ ਪਿਤਾ (ਪਰਮੇਸ਼ੁਰ) ਦਾ ਸਾਨੂੰ ਦਰਸ਼ਣ ਕਰਾ ਤਾਂ ਸਾਨੂੰ ਤ੍ਰਿਪਤ ਆਊ।" ਯਿਸੂ ਨੇ ਕਿਹਾ, "ਮੈਂ ਪਿਤਾ ਵਿੱਚ ਅਰ ਪਿਤਾ ਮੇਰੇ ਵਿੱਚ ਹੈ, ਜਿਨ ਮੈਨੂੰ ਵੇਖਿਆ ਓਨ ਪਿਤਾ ਨੂੰ ਵੇਖਿਆ ਹੈ।" ਇਸਤੀਫ਼ਾਨ ਦੀ ਮੌਤ ਤੋਂ ਬਾਅਦ ਯਰੂਸ਼ਲਮ ਦੀ ਕਲੀਸੀਆ ਉੱਤੇ ਵੱਡਾ ਸਤਾਓ ਹੋਇਆ। ਸਾਰੇ ਰਸੂਲ ਖਿੰਡ ਗਏ ਅਤੇ ਮਸੀਹ ਦੀਆਂ ਸਿੱਖਿਆਵਾਂ ਦਾ ਪਰਚਾਰ ਕਰਨ ਲੱਗੇ। ਫ਼ਿਲਿੱਪੁਸ ਸਾਮਰਿਯਾ ਗਿਆ ਅਤੇ ਉੱਥੇ ਖੁਸ਼ਖ਼ਬਰੀ ਦਾ ਪਰਚਾਰ ਕੀਤਾ। ਇਕੱਠੇ ਹੋਏ ਲੋਕਾਂ ਨੇ ਫ਼ਿਲਿੱਪੁਸ ਦੀਆਂ ਗੱਲਾਂ ਸੁਣੀਆਂ ਅਤੇ ਉਨ੍ਹਾਂ ਨਿਸ਼ਾਨਾਂ ਨੂੰ ਵੇਖਿਆ ਜੋ ਉਸ ਨੇ ਵਿਖਾਲੇ ਸਨ ਅਤੇ ਇੱਕ ਮਨ ਨਾਲ ਉਸ ਦੀਆਂ ਗੱਲਾਂ ਵੱਲ ਧਿਆਨ ਦਿੱਤਾ। ਕਿਉਂਕਿ ਬਹੁਤਿਆਂ ਵਿੱਚੋਂ ਭੂਤ ਉੱਚੀ-ਉੱਚੀ ਚੀਕਾਂ ਮਾਰ ਕੇ ਨਿਕਲੇ: ਅਤੇ ਬਹੁਤ ਸਾਰੇ ਲੰਗੜੇ ਅਤੇ ਅਧਰੰਗੀ ਚੰਗੇ ਹੋ ਗਏ। ਪਵਿੱਤਰ ਬਾਈਬਲ ਵਿੱਚ ਇੱਕ ਰੋਮਾਂਚਕ ਗਵਾਹੀ ਦਰਜ ਹੈ ਕਿ ਨਗਰ ਵਿੱਚ ਵੱਡਾ ਅਨੰਦ ਸੀ। ਉਸ ਦੀਆਂ ਚਾਰ ਧੀਆਂ ਸਨ ਅਤੇ ਚਾਰੋਂ ਨਬੀਆ ਸਨ। ਯੂਨਾਨੀ ਬੋਲਣ ਵਾਲਿਆਂ ਵਿੱਚ ਉਸ ਦੀ ਸੇਵਕਾਈ ਇੰਨੀ ਮਹਾਨ ਸੀ ਕਿ ਉਸ ਨੂੰ ਉਲਟਾ ਸਲੀਬ ਦਿੱਤਾ ਗਿਆ ਸੀ ਅਤੇ ਉਸ ਨੂੰ ਮਸੀਹ ਦਾ ਇਨਕਾਰ ਕਰਨ ਲਈ ਕੋਰੜੇ ਮਾਰ ਕੇ ਮਾਰ ਦਿੱਤਾ ਗਿਆ ਸੀ। **ਮੌਤ ਦਾ ਸਾਲ: 54 ਈਸਵੀ**

6. **ਬਰਥੁਲਮਈ (ਨਥਾਨਿਏਲ):** ਉਹ ਮੂਸਾ ਦੀ ਸ਼ਰਾ ਅਤੇ ਜੋ ਨਬੀਆਂ ਨੇ ਲਿਖਿਆ ਸੀ ਉਸ ਦਾ ਅਧਿਐਨ ਕਰ ਰਿਹਾ ਸੀ ਅਤੇ ਮਸੀਹਾ ਅਰਥਾਤ ਮੁਕਤੀਦਾਤਾ ਯਿਸੂ ਮਸੀਹ ਦੀ ਉਡੀਕ ਕਰ ਰਿਹਾ ਸੀ। ਉਹ ਇਸਰਾਏਲੀ ਸੀ ਜੋ ਯਿਸੂ ਨੂੰ ਵੇਖਣ ਲਈ ਯਿਸੂ ਦੇ ਚੇਲੇ ਫ਼ਿਲਿੱਪੁਸ ਰਾਹੀਂ ਯਿਸੂ ਕੋਲ

ਆਇਆ ਸੀ। ਪ੍ਰਭੂ ਯਿਸੂ ਨੇ ਉਸ ਨੂੰ 'ਸੱਚਾ ਇਸਰਾਏਲੀ ਜਿਹ ਦੇ ਵਿੱਚ ਕੋਈ ਛੱਲ ਨਹੀਂ ਹੈ' ਕਿਹਾ। ਉਸ ਨੇ ਉੱਤਰ ਦਿੱਤਾ, "ਸੁਆਮੀ ਜੀ ਤੁਸੀਂ ਪਰਮੇਸ਼ੁਰ ਦੇ ਪੁੱਤ੍ਰ ਹੋ! ਤੁਸੀਂ ਇਸਰਾਏਲ ਦੇ ਪਾਤਸ਼ਾਹ ਹੋ।" ਯਿਸੂ ਨਾਲ ਉਸ ਦੀ ਛੋਟੀ ਜਿਹੀ ਮੁਲਾਕਾਤ ਨੇ ਉਸ ਨੂੰ ਯਿਸੂ ਦਾ ਚੇਲਾ ਬਣਾ ਦਿੱਤਾ। ਉਹ ਇੱਕ ਪ੍ਰਾਰਥਨਾ ਯੋਧਾ ਸੀ ਜੋ ਰਸੂਲਾਂ ਨਾਲ ਪ੍ਰਾਰਥਨਾ ਵਿੱਚ ਇਕਜੁੱਟ ਸੀ। ਉਹ ਰਸੂਲਾਂ ਦੇ ਸਮੇਂ ਦੌਰਾਨ ਕਲੀਸੀਆ ਦੀ ਸਥਾਪਨਾ ਵਿੱਚ ਸਭ ਤੋਂ ਮਹੱਤਵਪੂਰਣ ਆਗੂਆਂ ਵਿੱਚੋਂ ਇੱਕ ਸੀ। ਉਸ ਨੇ ਭਾਰਤ ਅਤੇ ਅਰਮੇਨੀਆ ਦੇ ਦੇਸ਼ਾਂ ਵਿੱਚ ਸਖ਼ਤ ਸੇਵਾ ਕੀਤੀ। ਉਸ ਨੂੰ ਕੋਰੜੇ ਨਾਲ ਬੁਰੀ ਤਰ੍ਹਾਂ ਮਾਰਿਆ ਗਿਆ ਸੀ ਅਤੇ ਅੰਤ ਵਿੱਚ ਉਸ ਦੀ ਚਮੜੀ ਉਤਾਰ ਦਿੱਤੀ ਗਈ ਸੀ ਅਤੇ ਫਿਰ ਉਸ ਦਾ ਸਿਰ ਕਲਮ ਕਰ ਦਿੱਤਾ ਗਿਆ ਸੀ।

**ਮੌਤ ਦਾ ਸਾਲ: 70 ਈਸਵੀ**

7. **ਥੋਮਾ:** ਉਹ ਵੀ ਇੱਕ ਮਛਿਆਰਾ ਸੀ। ਪਰਮੇਸ਼ੁਰ ਵਿੱਚ ਉਸ ਦਾ ਵਿਸ਼ਵਾਸ ਅੰਧ ਵਿਸ਼ਵਾਸ ਨਹੀਂ ਸੀ। ਜਦੋਂ ਉਹ ਮਸੀਹ ਦੇ ਜੀ ਉੱਠਣ ਤੇ ਸ਼ੱਕ ਕਰ ਰਿਹਾ ਸੀ, ਤਾਂ ਯਿਸੂ ਇਸ ਚੇਲੇ ਕੋਲ ਇੱਕ ਵਾਰ ਫਿਰ ਪਰਗਟ ਹੋਇਆ ਜਦੋਂ ਉਹ ਦੂਜੇ ਚੇਲਿਆਂ ਵਿੱਚ ਸੀ। ਉਸ ਨੇ ਨਾ ਸਿਰਫ ਜੀ ਉੱਠੇ ਯਿਸੂ ਨੂੰ ਵੇਖਿਆ, ਸਗੋਂ ਉਸ ਦੇ ਤੇਜ ਮਈ ਸਰੀਰ ਨੂੰ ਵੀ ਛੂਹ ਕੇ ਵੇਖਿਆ। 52 ਈਸਵੀ ਵਿੱਚ ਉਹ ਭਾਰਤ ਦੇ ਕੇਰਲਾ ਰਾਜ ਵਿੱਚ ਆਇਆ, ਉਹ ਉੱਥੇ ਦਸ ਸਾਲ ਰਿਹਾ। ਬਾਅਦ ਵਿੱਚ, ਉਹ ਦਸ ਸਾਲਾਂ ਲਈ ਚੇਨਈ ਵਿੱਚ ਰਿਹਾ ਅਤੇ ਇਸ ਕੌਮ ਦੇ ਲੋਕਾਂ ਨੂੰ ਯਿਸੂ ਬਾਰੇ ਦੱਸਿਆ। ਮੰਦਰ ਦੇ ਪੁਜਾਰੀਆਂ ਨੇ ਉਸ ਨੂੰ ਬਰਛਾ ਮਾਰ ਕੇ ਬਲਦੀ ਭੱਠੀ ਵਿੱਚ ਸੁੱਟ ਦਿੱਤਾ ਅਤੇ ਮਾਰ ਦਿੱਤਾ। ਉਹ ਮਸੀਹ ਦਾ ਰਸੂਲ ਸੀ ਜੋ ਭਾਰਤ ਵਿੱਚ ਮਰਿਆ ਸੀ। ਦੁਨੀਆ ਵਿੱਚ ਰਸੂਲਾਂ ਦੀਆਂ ਕਬਰਾਂ ਤੇ ਸਿਰਫ ਤਿੰਨ ਚਰਚ ਬਣਾਏ ਗਏ ਹਨ, ਵੈਟੀਕਨ ਸਿਟੀ ਵਿੱਚ ਸੇਂਟ ਪੀਟਰਸ ਚਰਚ, ਸਪੇਨ ਵਿੱਚ ਸੇਂਟ ਜੇਮਜ਼ ਚਰਚ ਅਤੇ ਭਾਰਤ ਦੇ ਚੇਨਈ ਵਿੱਚ ਸੇਂਟ ਥਾਮਸ ਚਰਚ। ਭਾਰਤ ਸਰਕਾਰ ਨੇ ਥਾਮਸ ਦੀ ਯਾਦ ਵਿੱਚ ਦੋ ਡਾਕ ਟਿਕਟਾਂ ਜਾਰੀ ਕੀਤੀਆਂ।







**ਮੌਤ ਦੀ ਮਿਤੀ: 21-12-0072**

**ਸਥਾਨ: ਮਾਈਲਾਪੁਰ, (ਚੇਨਈ), ਭਾਰਤ**

8. **ਮੱਤੀ:** ਰੋਮੀ ਸਰਕਾਰ ਦੇ ਅਧੀਨ ਇੱਕ ਟੈਕਸ ਕੁਲੈਕਟਰ ਜਾਂ ਮਸੂਲੀਆ,



ਮੱਤੀ ਅਮੀਰ ਅਤੇ ਚੰਗੀ ਯੋਗਤਾ ਵਾਲਾ ਸੀ। ਜਦੋਂ ਯਿਸੂ ਨੇ ਕਿਹਾ, "ਮੇਰੇ ਪਿੱਛੇ ਚੱਲ", ਤਾਂ ਉਸ ਨੇ ਯਿਸੂ ਦੇ ਸੱਦੇ ਦੀ ਪਾਲਣਾ ਕੀਤੀ, ਆਪਣਾ ਕੰਮ ਧੰਦਾ ਛੱਡ ਦਿੱਤਾ, ਆਪਣੀ ਜਾਇਦਾਦ ਨੂੰ ਪਾਸੇ ਰੱਖਿਆ ਅਤੇ ਯਿਸੂ ਦੇ ਪਿੱਛੇ ਚੱਲਣ ਦਾ ਫ਼ੈਸਲਾ ਕੀਤਾ। ਉਹ ਯਿਸੂ ਅਤੇ ਉਸ ਦੇ ਚੇਲਿਆਂ ਨੂੰ ਰਾਤ ਦੇ ਖਾਣੇ ਤੇ ਮਹਿਮਾਨਾਂ ਦੇ ਰੂਪ ਵਿੱਚ, ਬਹੁਤ ਸਾਰੇ ਟੈਕਸ ਵਸੂਲਣ ਵਾਲੇ ਅਤੇ ਹੋਰ ਬਦਨਾਮ ਪਾਪੀ ਦੇ ਨਾਲ ਆਪਣੇ ਘਰ ਬੁਲਾ ਕੇ ਬਹੁਤ ਖੁਸ਼ ਸੀ। ਉਸ ਨੇ ਸਾਰਿਆਂ ਦੀ ਯਿਸੂ ਨਾਲ ਜਾਣ-ਪਛਾਣ ਕਰਵਾਈ ਤਾਂ ਜੋ ਉਹ ਬਰਕਤ ਪ੍ਰਾਪਤ ਕਰਨ। ਉਹ ਅਰਾਮੀ, ਯੂਨਾਨੀ, ਇਬਰਾਨੀ ਅਤੇ ਲਾਤੀਨੀ ਭਾਸ਼ਾਵਾਂ ਚੰਗੀ ਤਰ੍ਹਾਂ ਜਾਣਦਾ ਸੀ। ਉਸ ਨੇ ਇਥੋਪੀਆ (ਹਬਸ਼ ਦੇਸ), ਪਰਸ਼ੀਆ (ਫ਼ਾਰਸ) ਅਤੇ ਸੀਰੀਆ (ਸੁਰਿਯਾ) ਵਿੱਚ ਸੇਵਾ ਕੀਤੀ ਅਤੇ ਇਨ੍ਹਾਂ ਥਾਵਾਂ ਵਿੱਚ ਕਲੀਸੀਆਵਾਂ ਸਥਾਪਤ ਕੀਤੀਆਂ। ਉਸ ਨੇ ਅਰਾਮੀ ਭਾਸ਼ਾ ਵਿੱਚ ਮਸੀਹ ਦੀ ਇੰਜੀਲ ਲਿਖੀ। ਉਸ ਨੂੰ ਬਰਛੀ ਨਾਲ ਕੱਟ ਕੇ ਮੌਤ ਦੇ ਘਾਟ ਉਤਾਰ ਦਿੱਤਾ ਗਿਆ। **ਮੌਤ ਦਾ ਸਾਲ: 60-70 ਈਸਵੀ**

9. **ਹਲਫ਼ਈ ਦਾ ਪੁੱਤ੍ਰ ਯਾਕੂਬ:** ਆਪਣੇ ਭਰਾ ਮੱਤੀ ਦੇ ਨਾਲ, ਯਾਕੂਬ ਉਨ੍ਹਾਂ ਚੇਲਿਆਂ ਵਿੱਚੋਂ ਇੱਕ ਸੀ ਜੋ ਯਿਸੂ ਦੇ ਮਗਰ ਚੱਲਿਆ ਅਤੇ ਮਸੀਹ ਦੇ ਜੀ ਉੱਠਣ ਤੋਂ ਬਾਅਦ ਉਸ ਨੇ ਯਰੂਸ਼ਲਮ ਵਿੱਚ ਸੇਵਾ ਕੀਤੀ ਅਤੇ ਉੱਥੇ ਕਲੀਸੀਆਵਾਂ ਨੂੰ ਮਜ਼ਬੂਤ ਕੀਤਾ। ਯਾਕੂਬ ਇੱਕ ਕੰਧ ਉੱਤੇ ਪਰਚਾਰ ਕਰ ਰਿਹਾ ਸੀ ਜਦੋਂ ਯਹੂਦੀ ਧਾਰਮਿਕ ਆਗੂਆਂ ਨੇ ਉਸ ਨੂੰ ਇਸ ਤੋਂ ਕੰਧ ਤੋਂ ਥੱਲੇ ਸੁੱਟਣ ਦਾ ਫ਼ੈਸਲਾ ਕੀਤਾ। ਜ਼ਾਹਰ ਹੈ ਕਿ ਉਹ ਬਚ ਗਿਆ। ਜਦੋਂ ਲੋਕਾਂ ਨੂੰ ਪਤਾ ਲੱਗਾ ਕਿ ਉਹ ਮਰਿਆ ਨਹੀਂ ਹੈ, ਤਾਂ ਉਸ ਨੂੰ ਕੁੱਟਿਆ ਗਿਆ, ਪਥਰਾਅ ਕੀਤਾ ਗਿਆ ਅਤੇ ਉਸ ਦੇ ਸਿਰ ਉੱਤੇ ਡੰਡੇ ਮਾਰ ਕੇ ਹਿੰਸਕ ਢੰਗ ਨਾਲ ਖਤਮ ਕਰ ਦਿੱਤਾ ਗਿਆ। **ਮੌਤ ਦਾ ਸਾਲ: 63 ਈਸਵੀ**

10. **ਥੱਦਈ:** ਉਸ ਨੂੰ ਯਾਕੂਬ ਦਾ ਪੁੱਤ੍ਰ ਯਹੂਦਾ ਵੀ ਕਿਹਾ ਜਾਂਦਾ ਹੈ। ਉਸ ਨੇ ਇੱਕ ਵਾਰ ਯਿਸੂ ਨੂੰ ਪੁੱਛਿਆ, "ਪ੍ਰਭੂ ਜੀ ਕੀ ਹੋਇਆ ਹੈ ਜੋ ਤੂੰ ਆਪਣਾ ਆਪ ਸਾਡੇ ਉੱਤੇ ਪਰਗਟ ਕਰੇਂਗਾ ਅਰ ਜਗਤ ਉੱਤੇ ਨਹੀਂ?" ਯਿਸੂ ਨੇ ਉਹ ਨੂੰ ਉੱਤਰ ਦਿੱਤਾ, "ਜੇ ਕੋਈ ਮੈਨੂੰ ਪਿਆਰ ਕਰਦਾ ਹੈ ਉਹ ਮੇਰੇ ਬਚਨ ਦੀ ਪਾਲਨਾ ਕਰੇਗਾ ਅਤੇ ਮੇਰਾ ਪਿਤਾ ਉਹ ਨੂੰ ਪਿਆਰ ਕਰੇਗਾ ਅਤੇ ਅਸੀਂ ਉਹ ਦੇ ਕੋਲ ਆਵਾਂਗੇ ਅਰ ਉਹ ਦੇ ਨਾਲ ਵਾਸ ਕਰਾਂਗੇ। ਇਹ ਬਚਨ ਜੋ ਤੁਸੀਂ ਸੁਣਦੇ ਹੋ

ਮੇਰਾ ਨਹੀਂ ਸਗੋਂ ਪਿਤਾ ਦਾ ਹੈ ਜਿਨ ਮੈਨੂੰ ਘੱਲਿਆ।" ਥੱਦਈ ਪਹਿਲਾ ਰਸੂਲ ਸੀ ਜਿਸ ਨੇ ਯਰੂਸ਼ਲਮ ਛੱਡ ਦਿੱਤਾ ਅਤੇ ਵਿਦੇਸ਼ ਵਿੱਚ ਖੁਸ਼ਖ਼ਬਰੀ ਸੁਣਾਈ। ਉਸ ਨੇ ਫ਼ਾਰਸ ਅਤੇ ਉੱਤਰੀ ਫ਼ਾਰਸ ਵਿੱਚ ਸਦੀਪਕ ਜੀਵਨ ਬਾਰੇ ਦੱਸਿਆ ਅਤੇ ਬਹੁਤ ਸਾਰੇ ਲੋਕਾਂ ਨੂੰ ਮਸੀਹ ਵੱਲ ਲੈ ਕੇ ਆਇਆ। ਯਹੂਦਾ ਅਰਮੀਨੀਆ ਵਿੱਚ ਸੀ ਜਦੋਂ ਉਸ ਨੂੰ ਲੱਕੜ ਦੇ ਡੰਡੇ ਨਾਲ ਕੁੱਟ ਕੇ ਜਾਨੋਂ ਮਾਰ ਦਿੱਤਾ ਗਿਆ ਸੀ। **ਮੌਤ ਦਾ ਸਾਲ: 72 ਈਸਵੀ**

11. **ਸ਼ਮਊਨ ਜ਼ੇਲੋਤੇਸ:** ਉਹ ਉਨ੍ਹਾਂ ਜੋਸ਼ੀਲੇ ਲੋਕਾਂ ਵਿੱਚੋਂ ਇੱਕ ਸੀ ਜੋ ਰੋਮੀਆਂ ਦੇ ਰਾਜ ਦੇ ਵਿਰੁੱਧ ਸਨ ਅਤੇ ਉਸ ਨੇ ਪਰਚਾਰ ਕੀਤਾ ਸੀ ਕਿ ਪਰਮੇਸ਼ੁਰ ਨੂੰ ਯਹੂਦੀਆਂ ਉੱਤੇ ਰਾਜ ਕਰਨਾ ਚਾਹੀਦਾ ਹੈ। ਉਹ ਕਦੇ ਵਿਸ਼ਵਾਸ ਕਰਦਾ ਸੀ ਕਿ ਰਾਜ ਕੇਵਲ ਤਲਵਾਰ ਨਾਲ ਸਥਾਪਿਤ ਹੋਵੇਗਾ ਪਰ ਯਿਸੂ ਮਸੀਹ ਦਾ ਚੇਲਾ ਬਣਨ ਤੋਂ ਬਾਅਦ, ਉਸ ਨੇ ਸਿੱਖਿਆ ਕਿ ਰਾਜ ਪਿਆਰ ਦੁਆਰਾ ਸਥਾਪਿਤ ਕੀਤਾ ਜਾ ਸਕਦਾ ਹੈ ਅਤੇ ਉਹ ਨਿਮਰ ਬਣ ਗਿਆ। ਜਿਵੇਂ ਯਹੂਦਾ ਨੇ ਯਿਸੂ ਨੂੰ ਫੜਵਾਇਆ ਸੀ, ਉਹ ਵੀ ਵਿਸ਼ਵਾਸ ਕਰਦਾ ਸੀ ਕਿ ਯਿਸੂ ਉਨ੍ਹਾਂ ਨੂੰ ਰੋਮੀਆਂ ਦੇ ਹੱਥੋਂ ਬਚਾਵੇਗਾ। ਜਦੋਂ ਕਿ ਯਹੂਦਾ ਇਸਕਰਿਯੋਤੀ ਨੇ ਯਿਸੂ ਨੂੰ ਫੜਵਾਇਆ ਅਤੇ ਮਰ ਗਿਆ, ਸ਼ਮਊਨ ਜ਼ੇਲੋਤੇਸ ਮਸੀਹ ਦੀ ਖ਼ਾਤਰ ਮਰ ਗਿਆ। ਇਸ ਚੇਲੇ ਨੇ ਗ੍ਰੇਟ ਬ੍ਰਿਟੇਨ, ਮਿਸਰ, ਅਫਰੀਕਾ, ਬਰੌਨੀ, ਲੀਬੀਆ ਅਤੇ ਹੋਰ ਦੇਸ਼ਾਂ ਵਿੱਚ ਖੁਸ਼ਖ਼ਬਰੀ ਦਾ ਪਰਚਾਰ ਕੀਤਾ। ਸ਼ਮਊਨ ਜ਼ੇਲੋਤੇਸ ਜਿਸ ਨੇ ਬਹੁਤ ਸਾਰੇ ਲੋਕਾਂ ਨਾਲ ਪਰਮੇਸ਼ੁਰ ਦਾ ਪਿਆਰ ਵੰਡਿਆ ਸੀ, ਨੂੰ ਸਲੀਬ ਦਿੱਤੀ ਗਈ ਸੀ ਅਤੇ ਉਸ ਦੇ ਸਰੀਰ ਦੇ ਟੁਕੜੇ ਕਰ ਦਿੱਤੇ ਗਏ ਸਨ। **ਮੌਤ ਦਾ ਸਾਲ: 74 ਈਸਵੀ**

12. **ਮੱਥਿਯਾਸ:** ਸ਼ੁਰੂ ਤੋਂ ਹੀ ਉਹ ਯਿਸੂ ਦਾ ਚੇਲਾ ਸੀ। ਉਹ ਉਨ੍ਹਾਂ 70 ਚੇਲਿਆਂ ਵਿੱਚੋਂ ਇੱਕ ਸੀ ਜਿਨ੍ਹਾਂ ਨੂੰ ਯਿਸੂ ਨੇ ਚੁਣਿਆ ਸੀ। ਜਦੋਂ ਯਹੂਦਾ ਨੇ ਸਿਰਫ 30 ਚਾਂਦੀ ਦੇ ਸਿੱਕਿਆਂ ਲਈ ਆਪਣੇ ਪ੍ਰਭੂ ਯਿਸੂ ਨੂੰ ਫੜਵਾ ਦਿੱਤਾ, ਬਾਕੀ ਸਾਰੇ ਰਸੂਲ ਮੱਥਿਯਾਸ ਨੂੰ ਜਾਣਦੇ ਸਨ, ਉਨ੍ਹਾਂ ਸਾਰਿਆਂ ਨੇ ਪ੍ਰਾਰਥਨਾ ਕੀਤੀ ਅਤੇ ਚਿੱਠੀਆਂ ਪਾਈਆਂ ਅਤੇ ਮੱਥਿਯਾਸ ਨੂੰ ਗਿਆਰਾਂ ਚੇਲਿਆਂ ਨਾਲ ਚੁਣਿਆ ਗਿਆ ਅਤੇ ਗਿਣਿਆ ਗਿਆ। ਜਿਵੇਂ ਕਿ ਪਰਕਾਸ਼ ਦੀ ਪੋਥੀ ਵਿੱਚ ਲਿਖਿਆ ਹੈ, "ਅਤੇ ਓਸ ਨਗਰੀ ਦੀ ਸਫ਼ੀਲ ਦੀਆਂ ਬਾਰਾਂ ਨੀਹਾਂ ਹਨ ਅਤੇ ਓਹਨਾਂ ਉੱਤੇ ਲੇਲੇ ਦੇ ਬਾਰਾਂ ਰਸੂਲਾਂ ਦੇ ਨਾਉਂ ਹਨ" – ਉਨ੍ਹਾਂ ਵਿੱਚ ਮੱਥਿਯਾਸ ਦਾ ਨਾਮ ਵੀ ਸ਼ਾਮਲ ਕੀਤਾ ਜਾਵੇਗਾ। ਕਿੰਨੀ ਸ਼ਾਨਦਾਰ ਬਰਕਤ ਹੈ! ਉਸ ਨੇ ਯਰੂਸ਼ਲਮ



ਵਿੱਚ ਖੁਸ਼ਖ਼ਬਰੀ ਸੁਣਾਈ। ਅੰਤ ਵਿੱਚ ਉਸ ਨੂੰ ਪੱਥਰ ਮਾਰ ਕੇ ਮਾਰ ਦਿੱਤਾ ਗਿਆ ਅਤੇ ਸਿਰ ਕਲਮ ਕਰ ਦਿੱਤਾ ਗਿਆ। ਉਸ ਦੇ ਸਰੀਰ ਦੇ ਅਵਸ਼ੇਸ਼ਾਂ ਨੂੰ ਜਰਮਨੀ ਅਤੇ ਰੋਮ ਦੇ ਟ੍ਰੀਅਰ ਵਿੱਚ ਦਫ਼ਨਾਇਆ ਗਿਆ ਸੀ। **ਮੌਤ ਦਾ ਸਾਲ: 70 ਈਸਵੀ**

13. **ਪੌਲੁਸ:** ਪੌਲੁਸ ਨੂੰ ਜੀ ਉੱਠੇ ਮਸੀਹ ਦੁਆਰਾ ਇੱਕ ਰਸੂਲ ਬਣਨ ਲਈ ਚੁਣਿਆ ਗਿਆ ਸੀ। ਇੱਕ ਧਨੀ ਨੌਜਵਾਨ ਪੌਲੁਸ ਬਹੁਤ ਪੜ੍ਹਿਆ ਲਿਖਿਆ ਸੀ। ਉਸ ਦੀ ਯੋਗਤਾ ਅੱਜ ਦੇ 3 ਪੀਐਚਡੀ ਦੇ ਬਰਾਬਰ ਹੈ। ਉਸ ਨੇ ਸਰਦਾਰ ਜਾਜਕ ਤੋਂ ਉਨ੍ਹਾਂ ਸਾਰਿਆਂ ਨੂੰ ਕੈਦ ਕਰਨ ਲਈ ਅਤੇ ਉਨ੍ਹਾਂ ਨੂੰ ਸਤਾਉਣ ਦੀ ਇਜਾਜ਼ਤ ਦੀ ਚਿੱਠੀ ਲਈ ਸੀ ਜੋ ਖੁਸ਼ਖ਼ਬਰੀ ਦਾ ਪਰਚਾਰ ਕਰ ਰਹੇ ਸਨ। ਪਰ ਦੰਮਿਸਕ ਦੇ ਰਸਤੇ ਤੇ, ਉਸ ਦੀ ਪ੍ਰਭੂ ਯਿਸੂ ਨਾਲ ਮੁਲਾਕਾਤ ਹੋਈ ਅਤੇ ਪ੍ਰਭੂ ਦੁਆਰਾ ਯਰੂਸ਼ਲਮ ਵਿੱਚ ਗੈਰ-ਯਹੂਦੀਆਂ, ਰਾਜਿਆਂ ਅਤੇ ਲੋਕਾਂ ਨੂੰ ਯਿਸੂ ਦੀ ਖੁਸ਼ਖ਼ਬਰੀ ਸੁਣਾਉਣ ਲਈ ਚੁਣਿਆ ਗਿਆ। ਉਹ ਆਪਣੇ ਸੱਦੇ ਨੂੰ ਬਹੁਤ ਕੀਮਤੀ ਸਮਝਦਾ ਸੀ ਅਤੇ ਬਾਕੀ ਹਰ ਚੀਜ਼ ਨੂੰ ਹਾਨੀ ਜਾਂ ਵਿਅਰਥ ਗਿਣਦਾ ਸੀ। ਉਸ ਨੇ ਮਸੀਹ ਲਈ ਜੀਉਣ ਅਤੇ ਮਰਨ ਦਾ ਮਨ ਬਣਾਇਆ ਤਾਂ ਜੋ ਉਹ ਉਸ ਦੀ ਵਡਿਆਈ ਕਰ ਸਕੇ। ਉਸ ਨੇ 5 ਮਹਾਂਦੀਪਾਂ ਦੀ ਯਾਤਰਾ ਕੀਤੀ ਅਤੇ ਬਹੁਤ ਸਾਰੀਆਂ ਕਲੀਸੀਆਵਾਂ ਦੀ ਸਥਾਪਨਾ ਕੀਤੀ। ਪਰਮੇਸ਼ਰ ਨੇ ਉਸ ਦੇ ਦੁਆਰਾ ਬਹੁਤ ਸਾਰੇ ਚਿੰਨ੍ਹ ਅਤੇ ਚਮਤਕਾਰ ਕੀਤੇ, ਐਥੋਂ ਤੀਕ ਜੋ ਰੁਮਾਲ ਅਰ ਪਟਕੇ ਉਹ ਦੇ ਸਰੀਰ ਨੂੰ ਛੁਆ ਕੇ ਰੋਗੀਆਂ ਉੱਤੇ ਪਾਉਂਦੇ ਸਨ ਅਤੇ ਉਨ੍ਹਾਂ ਦੇ ਰੋਗ ਜਾਂਦੇ ਰਹਿੰਦੇ ਅਰ ਦੁਸ਼ਟ ਆਤਮੇ ਨਿੱਕਲ ਜਾਂਦੇ ਸਨ, ਮੁਰਦੇ ਜਿੰਦਾ ਹੋ ਜਾਂਦੇ ਸਨ। ਇਹ ਸਭ ਪਵਿੱਤਰ ਬਾਈਬਲ ਵਿੱਚ ਲਿਖੇ ਗਏ ਹਨ। ਉਹ ਲਗਾਤਾਰ ਘੁੰਮਦਾ ਰਹਿੰਦਾ ਸੀ। ਉਸ ਨੇ ਦਰਿਆਵਾਂ ਤੋਂ ਖ਼ਤਰੇ, ਡਾਕੂਆਂ ਤੋਂ ਖ਼ਤਰੇ, ਆਪਣੇ ਸਾਥੀ ਯਹੂਦੀਆਂ ਤੋਂ ਖ਼ਤਰੇ, ਗ਼ੈਰ-ਯਹੂਦੀ ਲੋਕਾਂ ਤੋਂ ਖ਼ਤਰੇ; ਸ਼ਹਿਰ ਵਿੱਚ ਖ਼ਤਰੇ, ਦੇਸ਼ ਵਿੱਚ ਖ਼ਤਰੇ, ਸਮੁੰਦਰ ਵਿੱਚ ਖ਼ਤਰੇ ਅਤੇ ਝੂਠੇ ਵਿਸ਼ਵਾਸੀਆਂ ਤੋਂ ਖ਼ਤਰੇ ਦਾ ਅਨੁਭਵ ਕੀਤਾ। ਇਨ੍ਹਾਂ ਸਭ ਦੇ ਬਾਵਜੂਦ ਉਸ ਨੇ ਯਿਸੂ ਦੀ ਖੁਸ਼ਖ਼ਬਰੀ ਸੁਣਾਈ। ਉਸ ਨੇ ਪਵਿੱਤਰ ਬਾਈਬਲ ਵਿੱਚ ਦਰਜ 13 ਪੱਤਰੀਆਂ ਲਿਖੀਆਂ। ਉਹ ਕਦੇ ਵੀ ਪੈਸੇ ਲਈ ਕਿਸੇ ਤੇ ਨਿਰਭਰ ਨਹੀਂ ਰਿਹਾ ਅਤੇ ਤੰਬੂ ਬਣਾ ਕੇ ਆਪਣੀ ਰੋਜ਼ੀ-ਰੋਟੀ ਕਮਾਈ। ਉਹ ਗਰੀਬਾਂ ਅਤੇ ਲੋੜਵੰਦਾਂ ਦੀ ਮਦਦ ਕਰਦਾ ਸੀ ਅਤੇ ਕਿਰਾਏ ਦੇ ਮਕਾਨ ਵਿੱਚ ਰਹਿੰਦਾ ਸੀ। ਅੰਤ ਵਿੱਚ ਉਸ ਨੇ ਘੋਸ਼ਣਾ ਕੀਤੀ, "ਮੈ ਅੱਛੀ ਲੜਾਈ ਲੜ ਚੁੱਕਾ ਹਾਂ, ਮੈਂ ਦੌੜ ਮੁਕਾ ਛੱਡੀ, ਮੈਂ ਨਿਹਚਾ ਦੀ ਸਾਂਭ ਕੀਤੀ ਹੈ। ਹੁਣ ਤੋਂ ਧਰਮ (ਧਾਰਮਿਕਤਾ) ਦਾ ਮੁਕਟ ਮੇਰੇ ਲਈ ਰੱਖਿਆ

ਹੋਇਆ ਹੈ ਜਿਹੜਾ ਪ੍ਰਭੂ ਜੋ ਧਰਮੀ ਨਿਆਈ ਹੈ ਉਸ ਦਿਨ ਮੈਨੂੰ ਦੇਵੇਗਾ ਅਤੇ ਕੇਵਲ ਮੈਨੂੰ ਹੀ ਨਹੀਂ ਸਗੋਂ ਓਹਨਾਂ ਸਭਨਾਂ ਨੂੰ ਵੀ ਜਿਨ੍ਹਾਂ ਉਹ ਦੇ ਪਰਕਾਸ਼ ਹੋਣ ਨੂੰ ਪਿਆਰਾ ਜਾਣਿਆ।" ਇਤਿਹਾਸ ਗਵਾਹ ਹੈ ਕਿ ਉਸ ਦਾ ਸਿਰ ਵੱਢ ਕੇ ਉਸ ਨੂੰ ਮਾਰ ਦਿੱਤਾ ਗਿਆ ਸੀ। **ਮੌਤ ਦਾ ਸਾਲ: 70 ਈਸਵੀ**

ਉੱਪਰ ਜਿਨ੍ਹਾਂ ਰਸੂਲਾਂ ਬਾਰੇ ਦੱਸਿਆ ਗਿਆ ਹੈ ਉਹ ਮਸੀਹ ਦੇ ਨਾਲ ਸਾਢੇ ਤਿੰਨ ਸਾਲ ਰਹੇ ਅਤੇ ਉਨ੍ਹਾਂ ਨੇ ਨਾ ਸਿਰਫ ਪਵਿੱਤਰ ਜੀਵਨ ਅਤੇ ਰੱਬੀ ਸੁਭਾਅ ਨੂੰ ਵੇਖਿਆ ਪਰ 40 ਦਿਨਾਂ ਤੱਕ ਜੀ ਉੱਠੇ ਮਸੀਹ ਦੇ ਨਾਲ ਵੀ ਰਹੇ। ਇਸ ਤੋਂ ਇਲਾਵਾ, ਜੀ ਉੱਠੇ ਮਸੀਹ ਦੇ ਸਵਰਗ ਵਿੱਚ ਚੜ੍ਹਨ ਦੇ ਗਵਾਹ ਬਣਨ ਤੋਂ ਬਾਅਦ, ਉਨ੍ਹਾਂ ਨੇ ਮਸੀਹ ਦੇ ਸੰਦੇਸ਼ ਨੂੰ ਥਾਂ ਥਾਂ ਲੈ ਕੇ ਜਾਣ ਅਤੇ ਇਸ ਦਾ ਪਰਚਾਰ ਕਰਨ ਲਈ, ਬਹੁਤ ਸਾਰੀਆਂ ਮੁਸੀਬਤਾਂ ਅਤੇ ਸਤਾਓ ਦੇ ਬਾਵਜੂਦ ਆਪਣਾ ਜੀਵਨ ਸਮਰਪਿਤ ਕਰ ਦਿੱਤਾ। ਉਹ ਮਰਨ ਲਈ ਤਿਆਰ ਸਨ ਅਤੇ ਮਸੀਹ ਦੇ ਲਈ ਦੁੱਖ / ਅਪਮਾਨ ਸਹਿਣ ਵਿੱਚ ਪ੍ਰਸੰਨ ਸਨ।

ਪ੍ਰਭੂ ਯਿਸੂ ਮਸੀਹ ਦੀ ਸੇਵਕਾਈ ਸਿਰਫ ਪਰਮੇਸ਼ੁਰ ਦੇ ਰਾਜ ਬਾਰੇ ਪਰਚਾਰ ਕਰਨਾ ਨਹੀਂ ਸੀ ਪਰ ਇਹ ਬਹੁਤ ਸਾਰੇ ਅਦਭੁਤ ਚਮਤਕਾਰਾਂ ਦੁਆਰਾ ਪ੍ਰਮਾਣਿਤ ਕੀਤੀ ਗਈ ਸੀ। ਯਿਸੂ ਮਸੀਹ ਦੀਆਂ ਸਿੱਖਿਆਵਾਂ ਨੇ ਰੱਬੀ ਗਿਆਨ ਪ੍ਰਦਾਨ ਕੀਤਾ ਅਤੇ ਰੱਬੀ ਗੁਣ ਪ੍ਰਦਾਨ ਕਰਕੇ ਬਹੁਤ ਸਾਰੇ ਜੀਵਨਾਂ ਨੂੰ ਪਵਿੱਤਰ ਕੀਤਾ ਜਿਸ ਨਾਲ ਉਹ ਸਮਾਜ ਵਿੱਚ ਆਪਣਾ ਯੋਗਦਾਨ ਪਾਉਣ ਦੇ ਯੋਗ ਹੋਏ। ਖੁਸ਼ਖ਼ਬਰੀ ਦਾ ਇਹ ਪਰਚਾਰ ਰਸੂਲਾਂ/ਚੇਲਿਆਂ ਦੁਆਰਾ ਜਾਰੀ ਰੱਖਿਆ ਗਿਆ ਸੀ। ਰਸੂਲਾਂ ਦੁਆਰਾ ਸਥਾਪਤ ਕੁਰਬਾਨੀ ਵਾਲੇ ਜੀਵਨ ਦੀ ਵਿਰਾਸਤ ਨੂੰ ਬਹੁਤ ਸਾਰੇ ਮਿਸ਼ਨਰੀਆਂ ਦੁਆਰਾ ਅਪਣਾਇਆ ਗਿਆ ਸੀ। ਡਾ: ਗ੍ਰਾਹਮ ਸਟੇਨਜ ਉਨ੍ਹਾਂ ਵਿੱਚੋਂ ਇੱਕ ਹਨ।

## ਡਾ. ਗ੍ਰਾਹਮ ਸਟੇਨਜ

ਆਸਟ੍ਰੇਲੀਆ ਤੋਂ ਆਏ ਡਾ. ਗ੍ਰਾਹਮ ਸਟੇਨਜ ਸਾਡੇ ਦੇਸ਼, ਉੜੀਸਾ ਰਾਜ ਵਿੱਚ ਕੋੜ੍ਹ ਦੇ ਮਰੀਜ਼ਾਂ ਦੀ ਸੇਵਾ ਕਰ ਰਹੇ ਸਨ। 22-01-1999 ਨੂੰ ਜਦੋਂ ਮਿਸ਼ਨਰੀ ਗ੍ਰਾਹਮ ਸਟੇਨਜ ਆਪਣੇ ਦੋ ਪਿਆਰੇ ਬੱਚਿਆਂ, 10 ਸਾਲ ਦੇ ਫਿਲਿਪ ਅਤੇ 6 ਸਾਲ ਦੇ ਟਿਮੋਥੀ ਨਾਲ ਮਨੋਹਰਪੁਰ ਨਾਮਕ ਪਿੰਡ ਵਿੱਚ ਇੱਕ ਵੈਨ ਵਿੱਚ ਸੌਂ ਰਹੇ ਸਨ, ਰਾਤ ਨੂੰ ਬਦਮਾਸ਼ਾਂ ਨੇ ਗੱਡੀ ਨੂੰ ਅੱਗ ਲਗਾ ਦਿੱਤੀ ਅਤੇ ਉਨ੍ਹਾਂ ਨੂੰ ਬਹੁਤ ਹੀ ਭਿਆਣਕ ਤਰੀਕੇ ਨਾਲ ਜ਼ਿੰਦਾ ਸਾੜ ਦਿੱਤਾ ਗਿਆ। ਪਤਾ ਲੱਗਾ ਕਿ ਬੱਚਿਆਂ ਦੇ ਸੜੇ ਹੋਏ ਪਿੰਜਰ ਪਿਤਾ ਦੀਆਂ ਬਾਹਾਂ ਦੇ ਪਿੰਜਰ ਨਾਲ ਘਿਰੇ ਹੋਏ ਸਨ। ਸਮਾਜ ਵਿੱਚੋਂ ਕੱਢੇ ਗਏ ਕੋੜ੍ਹੀਆਂ ਦੀ ਸੇਵਾ ਕਰਨ ਅਤੇ ਉਨ੍ਹਾਂ ਦੇ ਜੀਵਨ ਨੂੰ ਮੁੜ ਤੋਂ ਵਸਾਉਣ ਵਾਲੇ ਵਿਅਕਤੀ ਨਾਲ ਕਿੰਨਾ ਬੇਰਹਿਮ ਸਲੂਕ ਕੀਤਾ ਗਿਆ ਸੀ!



ਹਾਲਾਂਕਿ ਇਸ ਬੇਰਹਿਮ ਘਟਨਾ ਤੋਂ ਦੁਖੀ ਹੋਏ, ਗ੍ਰਾਹਮ ਸਟੇਨਜ ਦੀ ਪਤਨੀ ਗਲੈਡਿਸ ਅਤੇ ਉਸ ਦੀ ਧੀ ਐਸਤਰ ਨੇ ਉਨ੍ਹਾਂ ਅਪਰਾਧੀਆਂ ਨੂੰ ਮਾਫ ਕਰ ਦਿੱਤਾ। ਇਹ ਇੱਕ ਰੱਬੀ ਪ੍ਰੇਮ ਹੈ। ਹਾਂ, ਜੇਕਰ ਅਜਿਹਾ ਰਵੱਈਆ ਹਰ ਮਨੁੱਖ ਵਿੱਚ ਪ੍ਰਬਲ ਹੋਵੇ, ਤਾਂ ਅਸੀਂ ਇਸ ਧਰਤੀ ਨੂੰ ਸਵਰਗ ਬਣਾ ਸਕਦੇ ਹਾਂ। ਡਾ. ਗ੍ਰਾਹਮ ਸਟੇਨਜ ਅਤੇ ਪਰਿਵਾਰ ਦੀ ਸੇਵਾ ਅਤੇ ਕੁਰਬਾਨੀ ਨੂੰ ਪਹਿਚਾਣਦੇ ਹੋਏ, ਭਾਰਤ ਸਰਕਾਰ ਨੇ ਉਨ੍ਹਾਂ ਨੂੰ ਪਦਮਸ਼੍ਰੀ ਪੁਰਸਕਾਰ ਅਤੇ ਮਦਰ ਟੈਰੇਸਾ ਮੈਮੋਰੀਅਲ ਇੰਟਰਨੈਸ਼ਨਲ ਅਵਾਰਡ ਦੇ ਕੇ ਸਨਮਾਨਿਤ ਕੀਤਾ। ਆਖ਼ਰਕਾਰ, ਉਹ ਆਪਣੇ ਪ੍ਰਭੂ ਯਿਸੂ ਮਸੀਹ ਦੇ ਨਕਸ਼ੇ-ਕਦਮਾਂ ਤੇ ਚੱਲੇ ਜਿਸ ਨੇ ਉਨ੍ਹਾਂ ਲੋਕਾਂ ਵੱਲ ਵੇਖਿਆ ਜੋ ਉਸ ਨੂੰ ਸਲੀਬ ਉੱਤੇ ਚੜ੍ਹਾ ਰਹੇ ਸਨ ਅਤੇ ਉਨ੍ਹਾਂ ਲਈ ਇਹ ਪ੍ਰਾਰਥਨਾ ਕੀਤੀ, "ਹੇ ਪਿਤਾ ਉਨ੍ਹਾਂ ਨੂੰ ਮਾਫ਼ ਕਰ ਕਿਉਂ ਜੋ ਓਹ ਨਹੀਂ ਜਾਣਦੇ ਭਈ ਕੀ ਕਰਦੇ ਹਨ।" ਉਸ ਸਮੇਂ ਭਾਰਤ ਦੇ ਤਤਕਾਲੀ ਰਾਸ਼ਟਰਪਤੀ ਕੇ. ਆਰ. ਨਰਾਇਣਨ ਨੇ ਕਿਹਾ, "ਡਾ. ਗ੍ਰਾਹਮ ਸਟੇਨਜ ਦਾ ਪਰਿਵਾਰ ਜੋ ਕੋੜ੍ਹੀ ਲੋਕਾਂ ਦੀ ਸੇਵਾ ਕਰਨ ਆਇਆ ਸੀ ਉਸ ਦਾ ਧੰਨਵਾਦ ਕਰਨਾ ਚਾਹੀਦਾ ਹੈ ਅਤੇ ਉਸ ਪਰਿਵਾਰ ਨੂੰ ਆਦਰਸ ਮੰਨਣਾ ਚਾਹੀਦਾ ਹੈ ਪਰ ਭਾਰਤ ਵਿੱਚ ਇਹ ਅਣਮਨੁੱਖੀ ਕਾਰਾ ਜੋ ਕਿ ਸਹਿਣਸ਼ੀਲਤਾ ਅਤੇ ਅਹਿੰਸਾ ਲਈ ਜਾਣਿਆ ਜਾਂਦਾ ਹੈ, ਦੁਨੀਆ ਵਿੱਚ ਸਭ ਤੋਂ ਘਿਣਾਉਣਾ ਅਪਰਾਧ ਹੈ। "ਸਟੇਨ ਦੀ ਧੀ, ਆਸਟ੍ਰੇਲੀਆ ਵਿੱਚ ਆਪਣੀ ਡਾਕਟਰੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ, ਇੱਕ ਡਾਕਟਰ ਵਜੋਂ ਉੱਥੇ ਹੀ ਵੱਸ ਗਈ, ਆਪਣੇ ਪਤੀ ਦੇ ਨਾਲ, ਉੜੀਸਾ ਵਿੱਚ ਲੋਕਾਂ ਨਾਲ ਆਪਣੀ ਮਾਂ ਦੀ ਗੱਲਬਾਤ ਵਿੱਚ ਸਹਿਯੋਗ ਕਰਦੀ ਰਹੀ ਹੈ। ਉਨ੍ਹਾਂ ਨੇ ਬਾਰੀਪਾਡਾ ਵਿੱਚ ਗ੍ਰਾਹਮ ਸਟੇਨਜ ਮੈਮੋਰੀਅਲ ਹਸਪਤਾਲ ਦਾ ਨਵਾਂ ਨਿਰਮਾਣ ਕੀਤਾ। ਗਲੈਡਿਸ ਅਜੇ ਵੀ ਕੋੜ੍ਹ ਆਸ਼ਰਮ ਵਿੱਚ ਕੋੜ੍ਹੀਆਂ ਦੇ ਜ਼ਖ਼ਮਾਂ ਦੀ ਮਰਹਮ ਪੱਟੀ ਕਰਕੇ ਆਪਣੀ ਸੇਵਾ ਜਾਰੀ ਰੱਖ ਰਹੀ ਹੈ।






**ਡਾ. ਗ੍ਰਾਹਮ ਸਟੇਨਜ ਦਾ ਪਰਿਵਾਰ**

## ਸਾਧੂ ਸੁੰਦਰ ਸਿੰਘ



ਭਾਰਤ ਦੇ ਪੰਜਾਬ ਰਾਜ ਦੇ ਰਾਮਪੁਰ ਜਿਲ੍ਹੇ ਵਿੱਚ ਸੁੰਦਰ ਸਿੰਘ ਦਾ ਜਨਮ ਸ਼ੇਰ ਸਿੰਘ ਦੇ ਘਰ ਵਿੱਚ ਹੋਇਆ ਸੀ। ਉਨ੍ਹਾਂ ਦੀ ਮਾਤਾ ਜੋ ਕਿ ਧਾਰਮਿਕ ਪ੍ਰਵਿਰਤੀ ਦੀ ਕੱਟੜ ਔਰਤ ਸੀ, ਉਸ ਨੇ ਸਾਧੂ ਸੁੰਦਰ ਸਿੰਘ ਤੇ ਅਮਿੱਟ ਛਾਪ ਛੱਡੀ ਸੀ। ਸੁੰਦਰ ਦਾ ਪਾਲਣ-ਪੋਸ਼ਣ ਸਿੱਖ ਰੀਤੀ-ਰਿਵਾਜ ਦੇ ਅਨੁਸਾਰ ਕੀਤਾ ਗਿਆ ਸੀ। ਸੁੰਦਰ ਦੀ ਮਾਤਾ ਨੇ ਉਸ ਨੂੰ ਈਸਾਈ ਮਿਸ਼ਨਰੀ ਸਕੂਲ ਵਿੱਚ ਅੰਗਰੇਜ਼ੀ ਪੜ੍ਹਨ ਦੇ ਲਈ ਭੇਜਿਆ ਸੀ ਅਤੇ ਇੱਥੇ ਹੀ ਸੁੰਦਰ ਬਾਈਬਲ ਤੋਂ ਜਾਣੂ ਹੋਇਆ। ਜਦ ਸੁੰਦਰ 14 ਸਾਲ ਦਾ ਹੋਇਆ ਤਾਂ ਉਸ ਦੀ ਆਦਰਯੋਗ ਮਾਤਾ ਜੀ ਦਾ ਦਿਹਾਂਤ ਹੋ ਗਿਆ। ਇਸ ਘਟਨਾ ਨੇ ਸੁੰਦਰ ਦੇ ਅੰਦਰ ਗਹਿਰਾ ਸਦਮਾ ਅਤੇ ਆਤਮਿਕ ਬੇਚੈਨੀ ਨੂੰ ਪੈਦਾ ਕੀਤਾ। ਉਸ ਨੇ ਬਾਈਬਲ ਨੂੰ ਪਾੜ ਕੇ ਸਾੜ ਦਿੱਤਾ। ਇਹ ਸਭ ਕੁਝ ਕਰਨ ਦੇ ਬਾਵਜੂਦ ਵੀ ਉਸ ਨੂੰ ਸ਼ਾਂਤੀ ਨਹੀਂ ਮਿਲੀ। ਤਦ ਸੁੰਦਰ ਜਾਣਨਾ ਚਾਹੁੰਦਾ ਸੀ ਕਿ ਸੱਚਾ ਪਰਮੇਸ਼ੁਰ ਕੌਣ ਹੈ? ਉਸ ਨੇ ਆਪਣੇ ਆਪ ਨੂੰ ਕਿਹਾ ਕਿ ਜੇਕਰ ਕੋਈ ਸੱਚਾ ਪਰਮੇਸ਼ੁਰ ਮੇਰੇ ਨਾਲ ਗੱਲ ਨਹੀਂ ਕਰੇਗਾ ਤਾਂ ਮੈਂ ਪੰਜਾਬ ਮੇਲ (ਰੇਲਗੱਡੀ) ਦੇ ਥੱਲੇ ਆ ਕੇ ਮਰ ਜਾਵਾਂਗਾ। ਉਸ ਨੇ ਤਿੰਨ ਦਿਨ ਤੱਕ ਵਰਤ (ਉਪਵਾਸ) ਰੱਖਿਆ ਅਤੇ ਉਨ੍ਹਾਂ ਸਾਰੇ ਈਸ਼ਵਰਾਂ ਦਾ ਨਾਮ ਲਿਆ ਜਿਨ੍ਹਾਂ ਦੇ ਨਾਮ ਉਹ ਜਾਣਦਾ ਸੀ। ਪਰ ਯਿਸੂ ਦਾ ਨਾਮ ਨਹੀਂ ਲਿਆ, ਕਿਉਂਕਿ ਉਹ ਉਸ ਨੂੰ ਨਫ਼ਰਤ ਕਰਦਾ ਸੀ। ਅਚਾਨਕ ਉੱਥੇ ਇੱਕ ਰੌਸ਼ਨੀ ਵਿਖਾਈ ਦਿੱਤੀ ਜਿਸ ਵਿੱਚ ਯਿਸੂ ਸਲੀਬ ਉੱਤੇ ਟੰਗਿਆ ਹੋਇਆ ਸੀ ਅਤੇ ਕਹਿ ਰਿਹਾ ਸੀ ਕਿ ਸੁੰਦਰ ਕਿਉਂ ਤੂੰ ਮੈਨੂੰ ਹੋਰ ਨਾਵਾਂ ਨਾਲ ਪੁਕਾਰ ਰਿਹਾ ਹੈਂ, ਉਹ ਤਾਂ ਮੈਂ ਨਹੀਂ ਹਾਂ? ਮੈਂ ਤੇਰੇ ਪਾਪਾਂ ਦੇ ਲਈ ਮਾਰਿਆ ਗਿਆ ਸੀ! ਉਸੇ ਸਮੇਂ ਸੁੰਦਰ ਨੂੰ ਅਹਿਸਾਸ ਹੋਇਆ ਕਿ ਯਿਸੂ ਹੁਣ ਵੀ ਜਿੰਦਾ ਹੈ ਅਤੇ ਮਰਿਆ ਨਹੀਂ ਹੈ। ਉਸੇ ਵੇਲੇ ਉਸ ਨੇ ਗੋਡੇ ਟੇਕੇ। ਉਸ ਨੇ ਅਜਿਹੀ ਸ਼ਾਂਤੀ ਮਹਿਸੂਸ ਕੀਤੀ ਜੋ ਉਸ ਨੇ ਆਪਣੇ ਜੀਵਨ ਵਿੱਚ ਇਸ ਤੋਂ ਪਹਿਲਾਂ ਕਦੇ ਮਹਿਸੂਸ ਨਹੀਂ ਸੀ ਕੀਤੀ। ਉਹ ਦਰਸ਼ਣ ਤਾਂ ਗਾਇਬ ਹੋ ਗਿਆ ਪਰ ਉਹ ਸ਼ਾਂਤੀ ਅਤੇ ਅਨੰਦ ਉਸ ਦੇ ਅੰਦਰ ਵੱਸ ਗਿਆ।

ਉਸ ਨੇ ਆਪਣੇ ਆਪ ਨੂੰ ਪੂਰੀ ਤਰ੍ਹਾਂ ਮਸੀਹ ਦੇ ਲਈ ਅਰਪਣ ਕਰ ਦਿੱਤਾ। ਉਹ ਪੀਲੇ ਰੰਗ ਦੀ ਪੌਸ਼ਾਕ ਪਹਿਨ ਕੇ ਸੇਵਕਾਈ ਦੇ ਲਈ ਨਿਕਲ ਪਿਆ ਅਤੇ ਪ੍ਰੇਮ, ਸ਼ਾਂਤੀ ਅਤੇ ਮਸੀਹ ਦੇ ਦੁਆਰਾ ਨਵੇਂ ਜਨਮ ਦਾ ਸੰਦੇਸ਼ ਫੈਲਾਉਂਦਾ ਰਿਹਾ। ਪ੍ਰੇਮ ਦਾ ਸੰਦੇਸ਼ ਫੈਲਾਉਂਦੇ ਹੋਏ ਉਸ ਨੇ ਨਾ ਸਿਰਫ ਭਾਰਤ ਅਤੇ ਤਿੱਬਤ ਬਲਕਿ ਪੂਰੀ ਦੁਨੀਆ ਦੀ ਯਾਤਰਾ ਕੀਤੀ।

-o-o-o-



## ਬਖਤ ਸਿੰਘ



ਬਖਤ ਸਿੰਘ ਦਾ ਜਨਮ ਪੰਜਾਬ ਵਿੱਚ ਜੂਨ 1903 ਵਿੱਚ ਇੱਕ ਸਿੱਖ ਪਰਿਵਾਰ ਵਿੱਚ ਹੋਇਆ ਸੀ। ਜਦੋਂ ਉਸ ਨੇ ਬਾਰ੍ਹਵੀਂ ਜਮਾਤ ਪਾਸ ਕਰ ਲਈ ਤਾਂ ਉਸ ਨੂੰ ਇੱਕ ਬੜੀ ਸੁੰਦਰ ਬਾਈਬਲ ਇਨਾਮ ਮਿਲੀ। ਉਸ ਨੇ ਬਾਈਬਲ ਤਾਂ ਪਾੜ ਛੱਡੀ ਪਰ ਉਸ ਦੀ ਸੁੰਦਰ ਜਿਹੀ ਚਮੜੇ ਦੀ ਜਿਲਦ ਬਚਾ ਕੇ ਰੱਖ ਲਈ। ਉਹ ਆਪਣੇ ਸਕੂਲ ਅਤੇ ਕਾਲਜ ਦੇ ਦਿਨਾਂ ਵਿੱਚ ਮਸੀਹ ਦੀ ਇੰਜੀਲ ਦਾ ਡਾਢਾ ਵੈਰੀ ਬਣਿਆ ਰਿਹਾ। ਉਹ ਆਪਣੇ ਧਰਮ ਸੰਬੰਧੀ ਬਹੁਤ ਕੱਟੜ ਸੀ ਅਤੇ ਧਾਰਮਿਕ ਰੀਤਾਂ-ਰਸਮਾਂ ਪੂਰੀਆਂ ਕਰਨ ਲਈ ਕਈ-ਕਈ ਘੰਟੇ ਸਿੱਖ ਗੁਰਦੁਆਰਿਆਂ ਵਿੱਚ ਗੁਜ਼ਾਰ ਦਿੰਦਾ ਸੀ। ਬਖਤ ਸਿੰਘ ਨੇ ਯਿਸੂ ਮਸੀਹ ਦੇ ਪਿਆਰ ਅਤੇ ਉਸ ਦੀ ਸੰਗਤੀ ਨੂੰ ਉਸ ਸਮੇਂ ਪਾਇਆ ਜਦ ਉਹ ਕਨੇਡਾ ਵਿੱਚ ਰਹਿ ਕੇ ਇੰਜੀਨਿਰਿੰਗ ਦੀ ਸਿੱਖਿਆ ਪ੍ਰਾਪਤ ਕਰ ਰਹੇ ਸਨ। ਪਰ ਪ੍ਰਭੂ ਨੂੰ ਪਾਉਣ ਦੇ ਬਾਅਦ ਉਹ ਯਿਸੂ ਦਾ ਚੇਲਾ ਬਣ ਗਿਆ ਅਤੇ ਯਿਸੂ ਮਸੀਹ ਦੀ ਸੇਵਾ ਵਿੱਚ ਲੱਗ ਗਿਆ। ਉਹ ਅਕਸਰ ਇਹ ਗੱਲ ਕਹਿੰਦੇ ਸਨ ਕਿ ਪ੍ਰਭੂ ਯਿਸੂ ਮਸੀਹ ਨੂੰ ਕਬੂਲ ਕਰਨ ਤੋਂ ਬਾਅਦ ਉਨ੍ਹਾਂ ਨੂੰ ਜੋ ਅਨੰਦ ਮਿਲਿਆ ਸੀ ਉਹ ਵਰਣਨ ਤੋਂ ਬਾਹਰ ਸੀ। ਅਤੇ ਉਨ੍ਹਾਂ ਦਾ ਪਸੰਦੀਦਾ ਵਚਨ ਯੂਹੰਨਾ 15:16 ਸੀ ਜਿਸ ਵਿੱਚ ਲਿਖਿਆ ਹੈ ਕਿ "ਤੁਸਾਂ ਮੈਨੂੰ ਨਹੀਂ ਚੁਣਿਆ ਪਰ ਮੈਂ ਤੁਹਾਨੂੰ ਚੁਣਿਆ ਅਤੇ ਤੁਹਾਨੂੰ ਠਹਿਰਾਇਆ।" ਮਸੀਹ ਨੂੰ ਆਪਣਾ ਮੁਕਤੀਦਾਤਾ ਕਬੂਲ ਕਰਨ ਦੇ ਬਾਅਦ ਉਹ ਦੇਸ਼ ਵਿਦੇਸ਼ ਵਿੱਚ ਸ਼ੁਭ-ਸਮਾਚਾਰ ਪ੍ਰਚਾਰ ਕਰਦੇ ਰਹੇ। 20ਵੀਂ ਸਦੀ ਦੇ ਭਾਰਤੀ ਸ਼ੁਭ-ਸਮਾਚਾਰ ਪ੍ਰਚਾਰਕਾਂ ਵਿੱਚੋਂ ਉਹ ਸਭ ਤੋਂ ਉੱਤਮ ਸਨ। ਉਨ੍ਹਾਂ ਦੇ ਦੇਸ਼ ਅਤੇ ਵਿਦੇਸ਼ ਵਿੱਚ ਕਈ ਚੇਲੇ ਹਨ। ਸਾਊਥ ਏਸ਼ੀਆ ਵਿੱਚ ਸਾਇਦ ਹੀ ਕੋਈ ਮਸੀਹੀ ਵਿਆਕਤੀ ਹੋਵੇ ਜੋ ਉਨ੍ਹਾਂ ਦੇ ਕੰਮ ਦੇ ਖੇਤਰ ਨੂੰ ਜਾਂ ਉਨ੍ਹਾਂ ਦੇ ਵਿਸ਼ੇ ਨਾ ਜਾਣਦਾ ਹੋਵੇ। ਉਨ੍ਹਾਂ ਦੇ ਦੁਆਰਾ ਲਿਖੀਆ ਗਈਆ ਕਿਤਾਬਾਂ ਸਾਡੇ ਵਿੱਚ ਅੱਜ ਵੀ ਪ੍ਰਭੂ ਯਿਸੂ ਦੀ ਗਵਾਹੀ ਦੇ ਰਹੀਆਂ ਹਨ। 17 ਸਿੰਤਬਰ 2000 ਵਿੱਚ ਹੈਦਰਾਬਾਦ (ਭਾਰਤ) ਵਿੱਚ ਉਹ ਪ੍ਰਭੂ ਨੂੰ ਪਿਆਰੇ ਹੋ ਗਏ।

-o-o-o-

## ਮਦਰ ਟੈਰੇਸਾ



ਯੂਗੋਸਲਾਵੀਆ ਵਿੱਚ 26-08-1910 ਵਿੱਚ ਉਸ ਦਾ ਜਨਮ ਹੋਇਆ, ਜਦੋਂ ਉਹ 8 ਸਾਲ ਦੀ ਸੀ ਤਾਂ ਉਸ ਦੇ ਪਿਤਾ ਦੀ ਮੌਤ ਹੋ ਗਈ। ਉਸ ਦੀ ਮਾਂ ਨੇ ਉਸ ਦਾ ਪਾਲਣ ਪੋਸ਼ਣ ਕੀਤਾ, ਜਦੋਂ ਐਗਨਸ 18 ਸਾਲ ਦੀ ਹੋ ਗਈ, ਉਹ ਲੋਰੇਟੋ ਦੀਆਂ ਭੈਣਾਂ ਨਾਲ ਜੁੜ ਗਈ ਅਤੇ ਭਾਰਤ ਵਿੱਚ ਮਿਸ਼ਨਰੀ ਬਣਨ ਗਈ। ਉਹ 1929 ਵਿੱਚ ਕਲਕੱਤੇ ਆਈ, 20 ਸਾਲ ਅਧਿਆਪਕਾ ਵਜੋਂ ਕੰਮ ਕੀਤਾ। ਉਨ੍ਹਾਂ ਸਾਲਾਂ ਦੌਰਾਨ ਉਸ ਨੇ ਆਪਣੇ ਆਲੇ-ਦੁਆਲੇ ਝੁੱਗੀ-ਝੌਂਪੜੀਆਂ ਵਿੱਚ ਰਹਿਣ ਵਾਲੇ ਲੋਕਾਂ ਨੂੰ ਬਿਮਾਰੀ ਦੇ ਕਾਰਨ ਪੀੜਤ ਪਾਇਆ ਅਤੇ ਉਨ੍ਹਾਂ ਦੀ ਮਦਦ ਕਰਨ ਦਾ ਫ਼ੈਸਲਾ ਕੀਤਾ। ਉਸ ਨੇ ਨਰਸਿੰਗ ਦੀ ਸਿਖਲਾਈ ਲਈ ਦਾਖਲਾ ਲੈ ਲਿਆ ਅਤੇ ਆਪਣੀ ਸਿਖਲਾਈ ਪੂਰੀ ਕਰਨ ਤੋਂ ਬਾਅਦ, ਆਪਣੇ ਹੱਥ ਵਿੱਚ ਸਿਰਫ 5 ਰੁਪਏ ਨਾਲ ਉਸ ਨੇ ਗਰੀਬ ਅਤੇ ਲੋੜਵੰਦਾਂ ਲਈ ਇੱਕ ਸ਼ਰਨਾਰਥੀ ਕੇਂਦਰ ਸਥਾਪਤ ਕੀਤਾ। ਇੱਕ ਵਾਰ ਉਹ ਗਰੀਬ ਲੋਕਾਂ ਦੀ ਦਵਾਈ ਦੀ ਦੇਖਭਾਲ ਲਈ ਲੋਕਾਂ ਤੋਂ ਪੈਸੇ ਮੰਗਣ ਲਈ ਸੜਕਾਂ ਤੇ ਗਈ। ਇੱਕ ਵਿਅਕਤੀ ਨੇ ਉਸ ਨੂੰ ਝਿੜਕਦੇ ਹੋਏ ਕਿਹਾ ਕਿ ਮਿਸ਼ਨਰੀ ਪਖੰਡੀ ਹਨ ਅਤੇ ਉਸ ਦੀ ਹਥੇਲੀ ਤੇ ਥੁੱਕ ਦਿੱਤਾ। ਫਿਰ ਉਸ ਨੇ ਆਪਣਾ ਦੂਜਾ ਹੱਥ ਵਧਾ ਕੇ ਕਿਹਾ, "ਥੁੱਕ ਮੇਰੇ ਲਈ ਹੈ, ਮੈਨੂੰ ਗਰੀਬਾਂ ਦੀ ਦੇਖਭਾਲ ਲਈ ਕੁਝ ਦਿਓ।" ਉਹ ਆਦਮੀ ਜਿਸ ਨੇ ਉਸ ਦੇ ਹੱਥ ਉੱਤੇ ਥੁੱਕਿਆ ਸੀ ਆਪਣੇ ਕੀਤੇ ਤੇ ਪਛਤਾਇਆ ਅਤੇ ਮਾਫੀ ਮੰਗੀ ਅਤੇ ਗਰੀਬਾਂ ਦੀ ਮਦਦ ਕੀਤੀ।

ਕਲਕੱਤਾ ਵਿੱਚ ਜਿੱਥੇ ਉਹ ਕਾਲੀ ਮੰਦਿਰ ਦੇ ਕੋਲ ਸੇਵਾ ਕਰ ਰਹੀ ਸੀ, ਆਲੇ-ਦੁਆਲੇ ਦੇ ਲੋਕਾਂ ਨੇ ਉਸ ਉੱਤੇ ਸ਼ਿਕਾਇਤ ਦਰਜ ਕਰਵਾਈ ਕਿ ਉਹ ਲੋਕਾਂ ਦਾ ਧਰਮ ਪਰਿਵਰਤਨ ਕਰ ਰਹੀ ਹੈ। ਜਾਂਚ ਲਈ ਆਏ ਅਧਿਕਾਰੀ ਨੇ ਮਦਰ ਟੈਰੇਸਾ ਨੂੰ ਮਰੀਜ਼ਾਂ ਦੇ ਜ਼ਖਮਾਂ ਦੀ ਸਫਾਈ ਕਰਦੇ ਵੇਖਿਆ, ਸ਼ਿਕਾਇਤ ਦਰਜ ਕਰਵਾਉਣ ਵਾਲੇ ਲੋਕਾਂ ਨੂੰ ਬੁਲਾਇਆ ਅਤੇ ਕਿਹਾ, "ਜੇਕਰ ਤੁਹਾਡੀ ਮਾਂ, ਭੈਣਾਂ



ਲੋਕਾਂ ਦੀ ਸੇਵਾ ਕਰਨ ਲਈ ਤਿਆਰ ਹਨ ਜਿਵੇਂ ਕਿ ਇਹ ਲੋਕ ਕਰ ਰਹੇ ਹਨ, ਤਾਂ ਅਸੀਂ ਤੁਰੰਤ ਇਨ੍ਹਾਂ ਲੋਕਾਂ ਨੂੰ ਇਹ ਜਗ੍ਹਾ ਖਾਲੀ ਕਰਨ ਲਈ ਕਹਾਂਗੇ।" ਆਲੇ-ਦੁਆਲੇ ਦੇ ਲੋਕ ਆਪਣੇ ਕੀਤੇ ਤੇ ਸ਼ਰਮਿੰਦਾ ਹੋ ਕੇ ਵਾਪਸ ਪਰਤ ਗਏ।

2007 ਤੱਕ ਉਸ ਨੇ 123 ਦੇਸ਼ਾਂ ਵਿੱਚ ਗਰੀਬਾਂ, ਲੋੜਵੰਦਾਂ ਅਤੇ ਬਿਮਾਰਾਂ ਲਈ ਲਗਭਗ 600 ਕੇਂਦਰ ਸਥਾਪਤ ਕੀਤੇ ਸਨ। ਉਸ ਦੀ ਸੇਵਾ ਲਈ ਭਾਰਤ ਸਰਕਾਰ ਨੇ ਉਸ ਨੂੰ ਭਾਰਤ ਰਤਨ ਪੁਰਸਕਾਰ ਨਾਲ ਸਨਮਾਨਿਤ ਕੀਤਾ ਅਤੇ ਉਸ ਨੂੰ ਨੋਬਲ ਸ਼ਾਂਤੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਉਸ ਨੇ ਕੈਥੋਲਿਕ ਪਰੰਪਰਾ ਅਨੁਸਾਰ ਸੰਤ ਦੀ ਉਪਾਧੀ ਵੀ ਪ੍ਰਾਪਤ ਕੀਤੀ। ਜਦੋਂ 05-09-1997 ਵਿੱਚ ਉਸ ਦਾ ਦੇਹਾਂਤ ਹੋ ਗਿਆ, ਤਾਂ ਭਾਰਤ ਸਰਕਾਰ ਨੇ ਮਦਰ ਟੈਰੇਸਾ ਲਈ ਇੱਕ ਰਾਜਕੀ ਅੰਤਿਮ ਸੰਸਕਾਰ ਦੀ ਮੇਜ਼ਬਾਨੀ ਕੀਤੀ। ਉਸ ਨੂੰ ਉਹੀ ਮਾਰਸ਼ਲ ਸਨਮਾਨ ਦਿੱਤਾ ਗਿਆ ਸੀ, ਅਰਥਾਤ ਉਸ ਦੀ ਦੇਹ ਨੂੰ ਫੌਜ ਦੁਆਰਾ ਜਲੂਸ ਵਿੱਚ ਗਨ ਕੈਰਿਜ (ਬੰਦੂਕ ਵਾਲੀ ਗੱਡੀ) ਵਿੱਚ ਲਿਜਾਇਆ ਗਿਆ ਸੀ, ਜੋ ਕਿ ਅਤੀਤ ਵਿੱਚ ਐਮ. ਕੇ. ਗਾਂਧੀ ਅਤੇ ਜਵਾਹਰ ਲਾਲ ਨਹਿਰੂ ਵਰਗੇ ਰਾਸ਼ਟਰੀ ਨਾਇਕਾਂ ਲਈ ਰਾਖਵੀਂ ਸੀ। ਕਈ ਦੇਸ਼ਾਂ ਦੇ ਪ੍ਰਧਾਨ ਮੰਤਰੀਆਂ, ਰਾਸ਼ਟਰਪਤੀਆਂ ਅਤੇ ਨੇਤਾਵਾਂ ਨੂੰ ਉਸ ਦੇ ਅੰਤਿਮ ਸੰਸਕਾਰ ਦੀ ਰਸਮ ਦਾ ਹਿੱਸਾ ਬਣਨ ਦਾ ਸਨਮਾਨ ਮਿਲਿਆ। ਇਹ ਉਹ ਚੀਜ਼ ਹੈ ਜਿਸ ਤੇ ਹਰ ਭਾਰਤੀ ਨੂੰ ਮਾਣ ਹੋਣਾ ਚਾਹੀਦਾ ਹੈ।

ਜੇਕਰ ਇਸ ਧਰਤੀ ਦਾ ਹਰ ਮਨੁੱਖ ਗਰੀਬਾਂ ਅਤੇ ਲੋੜਵੰਦਾਂ ਪ੍ਰਤੀ ਇੱਕੋ ਜਿਹੀ ਦਿਆਲਤਾ ਅਤੇ ਹਮਦਰਦੀ ਦਿਖਾਵੇ ਤਾਂ ਇਹ ਧਰਤੀ ਨਿਸ਼ਚਤ ਤੌਰ ਤੇ ਸਵਰਗ ਬਣ ਜਾਵੇਗੀ। ਕਰੋੜਾਂ ਲੋਕ ਜਿਨ੍ਹਾਂ ਨੇ ਪਰਮੇਸ਼ੁਰ ਦੇ ਪਿਆਰ ਦਾ ਅਨੁਭਵ ਕੀਤਾ ਹੈ ਉਹ ਇਸ ਨੂੰ ਇੱਕ ਜਾਂ ਦੂਜੇ ਤਰੀਕੇ ਨਾਲ ਦੂਜਿਆਂ ਨਾਲ ਸਾਂਝਾ ਕਰ ਰਹੇ ਹਨ। ਬਹੁਤ ਸਾਰੇ ਲੋਕ ਮਸੀਹ ਵਿੱਚ ਵਿਸ਼ਵਾਸ ਕਰਕੇ ਸਤਾਏ ਗਏ ਹਨ। ਇਨ੍ਹਾਂ ਸਭਨਾਂ ਦੇ ਬਾਵਜੂਦ ਲੋਕ ਮਸੀਹ ਦੀ ਖੁਸ਼ਖ਼ਬਰੀ ਸੁਣਾਉਂਦੇ ਰਹੇ ਹਨ। ਉਦੇਸ਼ ਇਹ ਹੈ ਕਿ ਲੋਕ ਆਪਣੇ ਜੀਵਨ ਦੁਆਰਾ ਪਿਆਰ, ਦਿਆਲਗੀ ਅਤੇ ਭਾਈਚਾਰਾ ਦਿਖਾਉਂਦੇ ਹਨ ਅਤੇ ਮੁਕਤੀ ਅਤੇ ਸਦੀਪਕ ਜੀਵਨ ਪ੍ਰਾਪਤ ਕਰਦੇ ਹਨ ਜੋ ਮਸੀਹ ਦੁਆਰਾ ਮੁਫ਼ਤ ਵਿੱਚ ਦਿੱਤਾ ਗਿਆ ਤੋਹਫ਼ਾ ਹੈ। ਉਹ ਸਮਾਜ ਵਿੱਚ ਆਪਣੇ ਆਲੇ ਦੁਆਲੇ ਦੇ ਲੋਕਾਂ ਲਈ ਇੱਕ ਵੱਡਾ ਉਦਾਹਰਣ ਹੋ ਸਕਦੇ ਹਨ।

**ਇਸ ਲਈ, ਆਓ ਉਨ੍ਹਾਂ ਵਿਅਕਤੀਆਂ ਨੂੰ ਸਲਾਮ ਕਰੀਏ ਜੋ ਪ੍ਰਭੂ ਯਿਸੂ ਮਸੀਹ ਦੀਆਂ ਸਿੱਖਿਆਵਾਂ ਦਾ ਪਰਚਾਰ ਕਰ ਰਹੇ ਹਨ।**

**ਸ਼ਿਵਾਮੋਗਾ ਸਥਾਨਕ ਦੈਨਿਕ ਅਖ਼ਬਾਰ ਵਿੱਚ 09-12-2013 ਨੂੰ**



# 20. ਰੱਬੀ ਬੁੱਧ



**ਜੇ ਮੈਂ, ਇੱਕ ਪੂਰਬੀ ਹੋਣ ਦੇ ਨਾਤੇ, ਨਾਸਰਤ ਦੇ ਯਿਸੂ ਦੀ ਬੰਦਗੀ ਕਰਨੀ ਹੈ, ਤਾਂ ਮੇਰੇ ਕੋਲ ਇੱਕ ਹੀ ਰਸਤਾ ਬਚਿਆ ਹੈ, ਉਹ ਹੈ, ਉਸ ਨੂੰ ਪਰਮੇਸ਼ੁਰ ਮੰਨ ਕੇ ਉਸ ਦੀ ਬੰਦਗੀ ਕਰਨਾ, ਹੋਰ ਕੁਝ ਨਹੀਂ। - ਸਵਾਮੀ ਵਿਵੇਕਾਨੰਦ**

3000 ਸਾਲ ਪਹਿਲਾਂ ਇਸਰਾਏਲ ਦੇਸ਼ ਵਿੱਚ ਸੁਲੇਮਾਨ ਪਾਤਸ਼ਾਹ ਦੀ ਬੁੱਧ ਉਸ ਦੇ ਦਰਬਾਰ ਜਾਂ ਕਚਹਿਰੀ ਵਿੱਚ ਵਾਪਰੀ ਇੱਕ ਘਟਨਾ ਵਿੱਚ ਪ੍ਰਦਰਸ਼ਿਤ ਹੋਈ ਸੀ।

ਦੋ ਤੀਵੀਆਂ ਰਾਜਾ ਸੁਲੇਮਾਨ ਕੋਲ ਆਈਆਂ। ਇੱਕ ਤੀਵੀਂ ਨੇ ਆਖਿਆ, "ਹੇ ਮੇਰੇ ਮਾਲਕ, ਅਸੀਂ ਦੋਵੇਂ ਤੀਵੀਆਂ ਇੱਕੋ ਘਰ ਵਿੱਚ ਰਹਿੰਦੀਆਂ ਹਾਂ ਅਰ ਮੈਂ ਘਰ ਵਿੱਚ ਉਸ ਦੇ ਨਾਲ ਰਹਿੰਦਿਆਂ ਤੇ ਇੱਕ ਬੱਚਾ ਜਣੀ। ਤਾਂ ਤੀਜੇ ਦਿਨ ਐਉਂ ਹੋਇਆ ਕਿ ਜਦ ਮੈਂ ਜਣ ਚੁੱਕੀ ਤਾਂ ਏਹ ਤੀਵੀਂ ਵੀ ਜਣੀ ਅਤੇ ਅਸੀਂ ਇਕੱਠੀਆਂ ਸਾਂ ਅਤੇ ਸਾਡੇ ਨਾਲ ਘਰ ਵਿੱਚ ਕੋਈ ਓਪਰਾ ਨਹੀਂ ਸੀ ਅਤੇ ਘਰ ਵਿੱਚ ਸਾਥੋਂ ਬਿਨਾ ਹੋਰ ਕੋਈ ਵੀ ਨਹੀਂ ਸੀ। ਸੋ ਏਸ ਤੀਵੀਂ ਦਾ ਬੱਚਾ ਰਾਤ ਨੂੰ ਮਰ ਗਿਆ ਕਿਉਂ ਜੋ ਏਹ ਉਹ ਦੇ ਉੱਤੇ ਲੇਟ ਗਈ ਸੀ। ਤਾਂ ਏਹ ਅੱਧੀ ਰਾਤ ਨੂੰ ਉੱਠੀ ਅਤੇ ਜਦ ਤੇਰੀ ਟਹਿਲਣ ਸੁੱਤੀ ਹੋਈ ਸੀ ਤਾਂ ਮੇਰੇ ਬੱਚੇ ਨੂੰ ਮੇਰੇ ਨਾਲੋਂ ਲਿਆ ਅਤੇ ਆਪਣੀ ਹਿੱਕ ਨਾਲ ਲਿਟਾ ਲਿਆ ਅਤੇ ਆਪਣਾ ਮੁਰਦਾ ਬੱਚਾ ਮੇਰੀ ਹਿੱਕ ਨਾਲ ਲਿਟਾ ਦਿੱਤਾ। ਤਾਂ ਸਵੇਰ ਨੂੰ ਜਦ ਮੈਂ ਆਪਣੇ ਬੱਚੇ ਨੂੰ ਦੁੱਧ ਚੁੰਘਾਉਣ ਲਈ ਉੱਠੀ ਤਾਂ ਵੇਖੋ ਉਹ ਮੋਇਆ ਪਿਆ ਹੈ ਪਰ ਜਦ ਸਵੇਰ ਦੇ ਵੇਲੇ ਉਸ ਲਈ ਵਿਚਾਰ ਕੀਤਾ ਤਾਂ ਵੇਖੋ ਏਹ ਮੇਰਾ ਬੱਚਾ ਨਹੀਂ ਸੀ ਜਿਸ ਨੂੰ ਮੈਂ ਜਣੀ ਸਾਂ।" ਪਰ ਦੂਜੀ ਤੀਵੀਂ ਨੇ ਆਖਿਆ, "ਐਉਂ ਨਹੀਂ ਜੀਉਂਦਾ ਬੱਚਾ ਮੇਰਾ ਹੈ ਅਤੇ ਮੋਇਆ ਹੋਇਆ ਤੇਰਾ ਹੈ।" ਪਹਿਲੀ ਤੀਵੀਂ ਨੇ ਆਖਿਆ, "ਐਉਂ ਨਹੀਂ ਤੇਰਾ ਬੱਚਾ ਮੋਇਆ ਹੋਇਆ ਹੈ ਅਤੇ ਮੇਰਾ ਬੱਚਾ ਜੀਉਂਦਾ ਹੈ।" ਐਉਂ ਉਨ੍ਹਾਂ ਨੇ ਪਾਤਸ਼ਾਹ ਦੇ ਸਨਮੁਖ ਗੱਲਾਂ ਕੀਤੀਆਂ।

ਤਾਂ ਪਾਤਸ਼ਾਹ ਨੇ ਆਖਿਆ, ਇੱਕ ਆਖਦੀ ਹੈ 'ਇਹ ਮੇਰਾ ਬੱਚਾ ਹੈ ਜਿਹੜਾ ਜੀਉਂਦਾ ਹੈ ਅਤੇ ਤੇਰਾ ਬੱਚਾ ਮੋਇਆ ਹੋਇਆ ਹੈ' ਅਤੇ ਦੂਜੀ ਆਖਦੀ ਹੈ 'ਨਹੀਂ ਮੋਇਆ ਹੋਇਆ ਤੇਰਾ ਬੱਚਾ ਹੈ ਅਤੇ ਜੀਉਂਦਾ ਮੇਰਾ ਹੈ।'" ਤਾਂ ਪਾਤਸ਼ਾਹ ਨੇ ਆਖਿਆ, "ਮੇਰੇ ਲਈ ਇੱਕ ਤਲਵਾਰ ਲੈ ਆਓ।" ਤਾਂ ਓਹ ਪਾਤਸ਼ਾਹ ਦੇ ਸਨਮੁਖ ਇੱਕ ਤਲਵਾਰ ਲੈ ਆਏ। ਪਾਤਸ਼ਾਹ ਨੇ ਆਖਿਆ, "ਇਸ ਜੀਉਂਦੇ ਬੱਚੇ ਨੂੰ ਦੋਂਹ ਥਾਈ ਚੀਰ ਸੁੱਟੋ। ਅੱਧਾ ਇੱਕ ਨੂੰ ਦੇ ਦਿਓ ਅਤੇ ਅੱਧਾ ਦੂਜੀ ਨੂੰ।" ਤਾਂ ਉਹ ਤੀਵੀਂ ਜਿਸ ਦਾ ਬੱਚਾ ਜੀਉਂਦਾ ਸੀ ਪਾਤਸ਼ਾਹ ਨੂੰ ਆਖਣ ਲੱਗੀ ਕਿਉ ਜੋ ਉਸ ਦੀ ਮਮਤਾ ਆਪਣੇ ਬੱਚੇ ਲਈ ਉੱਠੀ ਸੀ, "ਹੇ ਮੇਰੇ ਮਾਲਕ, ਜੀਉਂਦਾ ਬੱਚਾ ਏਸੇ ਨੂੰ ਦੇ ਦਿਓ ਅਤੇ ਉਸ ਨੂੰ ਮੂਲੋਂ ਨਾ ਮਾਰੋ।" ਦੂਜੀ ਨੇ ਆਖਿਆ, "ਏਹ ਨਾ ਮੇਰਾ ਰਹੇ ਨਾ ਤੇਰੇ ਸਗੋਂ ਚੀਰਿਆ ਜਾਵੇ।" ਤਾਂ ਪਾਤਸ਼ਾਹ ਨੇ ਉੱਤਰ ਦੇ ਕੇ ਆਖਿਆ ਕਿ "ਜੀਉਂਦਾ ਬੱਚਾ ਜੋ ਏਸ ਨੂੰ ਦੇ ਦੇਓ ਅਤੇ ਮੂਲੋਂ ਨਾ ਮਾਰੋ ਕਿਉਂ ਜੋ ਏਸ ਦੀ ਮਾਤਾ ਏਹੋ ਹੀ ਹੈ।" ਤਾਂ ਸਾਰੇ ਇਸਰਾਏਲ ਨੇ ਏਸ ਨਿਆਉਂ ਨੂੰ ਸੁਣਿਆ ਜਿਹੜਾ ਨਿਆਉਂ ਪਾਤਸ਼ਾਹ ਨੇ ਕੀਤਾ ਤਾਂ ਓਹ ਪਾਤਸ਼ਾਹ ਦੇ ਸਨਮੁਖ ਡਰਨ ਲੱਗ ਪਏ ਕਿਉਂ ਜੋ ਉਨ੍ਹਾਂ ਨੇ ਡਿੱਠਾ ਕਿ ਪਰਮੇਸ਼ੁਰ ਦੀ ਬੁੱਧ ਨਿਆਉਂ ਕਰਨ ਲਈ ਉਸ ਦੇ ਵਿੱਚ ਹੈ।

(1 ਰਾਜਿਆਂ 3:16-28)

ਪਰਮੇਸ਼ੁਰ ਨੇ ਸਾਰੇ ਜਾਨਵਰਾਂ ਨੂੰ ਮਾਸ ਅਤੇ ਜੀਵਨ ਦੇ ਰੂਪ ਵਿੱਚ ਬਣਾਇਆ ਹੈ। ਪਰ ਮਨੁੱਖ ਨੂੰ ਆਤਮਾ, ਜੀਵਨ ਅਤੇ ਮਾਸ ਨਾਲ ਬਣਾਇਆ ਗਿਆ ਸੀ। ਸਿਰਫ ਆਤਮਾ ਕੋਲ ਹੀ ਬੁੱਧ ਹੈ। ਬੁੱਧ ਤੋਂ ਬਿਨ੍ਹਾਂ ਮਨੁੱਖ ਪਸ਼ੂ ਵਰਗਾ ਹੈ; ਕਿਸੇ ਵਿਅਕਤੀ ਕੋਲ ਭੌਤਿਕ ਦੌਲਤ, ਸੁੰਦਰਤਾ ਅਤੇ ਬਹੁਤ ਸਾਰੀਆਂ ਯੋਗਤਾਵਾਂ ਹੋ ਸਕਦੀਆਂ ਹਨ, ਫਿਰ ਵੀ ਇਹ ਦਰਜਾ ਨੀਵਾਂ ਹੋਵੇਗਾ। ਜਿਹੜੇ ਬੁੱਧਵਾਨ ਹਨ ਅੰਬਰ ਦੇ ਪਰਕਾਸ਼ ਵਾਂਗਰ ਚਮਕਣਗੇ ਅਤੇ ਓਹ ਜਿਨ੍ਹਾਂ ਦੇ ਉਦਮ ਨਾਲ ਢੇਰ ਸਾਰੇ ਧਰਮੀ ਬਣ ਗਏ ਤਾਰਿਆਂ ਵਾਂਗਰ ਜੁੱਗੋ ਜੁੱਗ ਤੀਕਰ। ਇਸ ਲਈ ਮਨੁੱਖੀ ਜੀਵਨ ਵਿੱਚ ਬੁੱਧ ਦੀ ਬਹੁਤ ਮਹੱਤਤਾ ਹੈ। ਬੁੱਧ ਦੇ ਬਰਾਬਰ ਕੁਝ ਵੀ ਨਹੀਂ ਹੈ।

ਇਸ ਦੁਨੀਆ ਵਿੱਚ ਯੂਨੀਵਰਸਿਟੀਆਂ, ਸਿਖਲਾਈ ਕੇਂਦਰ ਅਤੇ ਗੂਗਲ ਸੋਸ਼ਲ ਮੀਡੀਆ ਸਾਨੂੰ ਗਿਆਨ ਤਾਂ ਦੇ ਸਕਦੇ ਹਨ ਪਰ ਸੰਸਾਰ ਰੱਬੀ ਬੁੱਧ ਨਹੀਂ ਦੇ ਸਕਦਾ। ਦੁਨਿਆਵੀ ਗਿਆਨ ਪਰਮੇਸ਼ੁਰ ਅੱਗੇ ਮੂਰਖਤਾ ਹੈ। ਰੱਬੀ ਬੁੱਧ ਆਤਮਾ ਨਾਲ ਸੰਬੰਧਤ ਹੈ। ਸਾਡੀ ਆਤਮਾ ਦਾ ਪ੍ਰਭੂ ਸਰਬ ਸ਼ਕਤੀਮਾਨ ਪਰਮੇਸ਼ੁਰ ਹੈ ਅਤੇ ਅਸੀਂ ਉਸ ਦੁਆਰਾ ਹੀ ਇਹ ਬੁੱਧ ਪ੍ਰਾਪਤ ਕਰ ਸਕਦੇ ਹਾਂ। ਪਵਿੱਤਰ ਬਾਈਬਲ ਕਹਿੰਦੀ ਹੈ, ਯਹੋਵਾਹ ਦਾ ਭੈ ਗਿਆਨ ਦਾ ਮੂਲ ਹੈ; ਬੁੱਧ ਅਤੇ ਸਿੱਖਿਆ ਨੂੰ ਮੂਰਖ ਤੁੱਛ ਜਾਣਦੇ ਹਨ। ਪਰਮੇਸ਼ੁਰ ਦੇ ਭੈ ਦਾ ਮਤਲਬ ਸਿਰਫ ਪ੍ਰਾਰਥਨਾਵਾਂ,ਘਮੰਡ, ਅਰਾਧਨਾ ਅਤੇ ਹੋਰ ਧਾਰਮਿਕ ਕਿਰਿਆਵਾਂ ਹੀ ਨਹੀਂ ਸਗੋਂ ਬੁਰਾਈ, ਹੰਕਾਰ, ਭੈੜੇ ਰਾਹਾਂ ਅਤੇ ਉਲਟੀਆਂ ਗੱਲਾਂ ਆਦਿ ਤੋਂ ਨਫ਼ਰਤ ਹੈ।

ਇਸ ਲਈ ਤੁਹਾਨੂੰ ਪਰਮੇਸ਼ੁਰ ਦੇ ਬਚਨ ਨੂੰ ਗ੍ਰਹਿਣ ਕਰਨਾ ਚਾਹੀਦਾ ਹੈ ਅਤੇ ਉਸ ਦੇ ਹੁਕਮਾਂ ਨੂੰ ਆਪਣੇ ਅੰਦਰ ਖਜ਼ਾਨੇ ਵਜੋਂ ਸੁਰੱਖਿਅਤ ਰੱਖਣਾ ਚਾਹੀਦਾ ਹੈ, ਆਪਣੇ ਕੰਨਾਂ ਨੂੰ ਬੁੱਧ ਵੱਲ ਅਤੇ ਤੁਹਾਡੇ ਦਿਲ ਨੂੰ ਸਮਝ ਵੱਲ ਮੋੜਨਾ ਚਾਹੀਦਾ ਹੈ; ਸਮਝ ਲਈ ਬੇਨਤੀ ਕਰੋ ਅਤੇ ਬੁੱਧ ਲਈ ਉੱਚੀ ਆਵਾਜ਼ ਵਿੱਚ ਪੁਕਾਰੋ ਜਿਵੇਂ ਕਿ ਚਾਂਦੀ ਅਤੇ ਸੋਨੇ ਦੀ ਖੋਜ ਕਰੀਦਾ ਹੈ, ਤਾਂ ਤੁਸੀਂ ਵੀ ਰੱਬੀ ਬੁੱਧ ਪ੍ਰਾਪਤ ਕਰੋਗੇ। ਇਹ ਪਰਮੇਸ਼ੁਰ ਹੈ ਜੋ ਬੁੱਧ ਦਿੰਦਾ ਹੈ, ਉਸ ਦੇ ਮੂੰਹੋਂ ਗਿਆਨ ਅਤੇ ਸਮਝ ਆਉਂਦੀ ਹੈ। ਉਹ ਸਿੱਧੇ ਲੋਕਾਂ ਲਈ ਜਿੱਤ ਰੱਖਦਾ ਹੈ, ਬੁੱਧ ਤੁਹਾਡੇ ਦਿਲ ਵਿੱਚ ਪ੍ਰਵੇਸ਼ ਕਰੇਗੀ ਅਤੇ ਗਿਆਨ ਤੇਰੇ ਆਤਮਾ ਨੂੰ ਮਨਭਾਉਂਦਾ ਲੱਗੇਗਾ। ਵਿਵੇਕ ਜਾਂ ਅੰਤਹਕਰਨ ਤੁਹਾਡੀ ਰੱਖਿਆ ਕਰੇਗਾ ਅਤੇ ਸਮਝ ਤੁਹਾਡੀ ਰੱਖਿਆ ਕਰੇਗੀ। ਕਿਉਂ ਜੋ ਉਹ ਦਾ ਘਰ ਮੌਤ ਵੱਲ ਲਹਿ ਪੈਂਦਾ ਅਤੇ ਉਹ ਦੇ ਰਾਹ ਭੂਤਨਿਆਂ ਵੱਲ। ਜਿਹੜੇ ਉਹ ਦੇ ਕੋਲ ਜਾਂਦੇ ਹਨ, ਓਹਨਾਂ ਵਿੱਚੋਂ ਕੋਈ ਮੁੜ ਕੇ ਨਹੀਂ ਆਉਂਦਾ ਅਤੇ ਨਾ ਹੀ ਜੀਉਣ ਦੇ ਰਾਹ (ਮੁਕਤੀ) ਤੱਕ ਅੱਪੜਦਾ ਹੈ।

ਕਿਉਂ ਜੋ ਬੁੱਧ ਦਾ ਸਾਯਾ ਧਨ ਦੇ ਸਾਯੇ ਵਰਗਾ ਹੈ, ਪਰ ਗਿਆਨ ਦਾ ਇੱਕ ਇਹ ਵਾਧਾ ਹੈ, ਜੋ ਬੁੱਧ ਆਪਣੇ ਰੱਖਦਿਆਂ ਦੀ ਜਾਨ ਦੀ ਰਾਖੀ ਕਰਦੀ ਹੈ (ਉਪਦੇਸ਼ਕ ਦੀ ਪੋਥੀ 7:12)। ਬੁੱਧ ਦੀ ਲਾਲਸਾ ਕਰੋ, ਸਮਝ ਵਿੱਚ ਵਧੋ; ਬੁੱਧ ਨੂੰ ਨਾ ਛੱਡੀਂ ਤਾਂ ਉਹ ਤੇਰੀ ਰੱਛਿਆ ਕਰੇਗੀ, ਉਹ ਦੇ ਨਾਲ ਪ੍ਰੀਤ ਲਾਵੀਂ ਤਾਂ ਉਹ ਤੇਰੀ ਰਾਖੀ ਕਰੇਗੀ। ਆਪਣੀ ਸਾਰੀ ਪ੍ਰਾਪਤੀ ਨਾਲ ਸਮਝ ਨੂੰ ਪ੍ਰਾਪਤ ਕਰ। ਉਹ ਦੀ ਵਡਿਆਈ ਕਰ ਤਾਂ ਉਹ ਤੈਨੂੰ ਵਧਾਵੇਗੀ, ਜੇ ਤੂੰ ਉਹ ਨੂੰ ਗਲ ਲਾਵੇਂ ਤਾਂ ਉਹ ਤੈਨੂੰ ਆਦਰ ਦੇਵੇਗੀ। ਉਹ ਤੇਰੇ ਸਿਰ ਉੱਤੇ ਸਜਾਵਟ ਦਾ ਸਿਹਰਾ ਬੰਨ੍ਹੇਗੀ, ਉਹ ਤੈਨੂੰ ਸੁਹੱਪਣ ਦਾ ਮੁਕਟ ਦੇਵੇਗੀ। ਸੋਨਾ ਵੀ ਹੈ ਤੇ ਲਾਲ ਵੀ ਢੇਰ ਸਾਰੇ ਹਨ, ਪਰ ਗਿਆਨ ਦੇ ਬੁੱਲ੍ਹ ਅਣਮੁੱਲ ਰਤਨ ਹਨ।

ਮੈਂ ਤੇਰੀ ਬਿਵਸਥਾ ਨਾਲ ਕਿੰਨੀ ਪ੍ਰੀਤ ਰੱਖਦਾ ਹਾਂ, ਦਿਨ ਭਰ ਮੈਂ ਉਹ ਦੇ ਵਿੱਚ ਲੀਨ ਰਹਿੰਦਾ ਹਾਂ! ਤੂੰ ਆਪਣੇ ਹੁਕਮਨਾਮੇ ਤੋਂ ਮੈਨੂੰ ਮੇਰੇ ਵੈਰੀਆਂ ਤੋਂ ਬੁੱਧਵਾਨ ਬਣਾਉਂਦਾ ਹੈਂ, ਕਿਉਂ ਜੋ ਉਹ ਸਦਾ ਮੇਰੇ ਨਾਲ ਹੈ। ਮੈਂ ਆਪਣੇ ਸਾਰੇ ਗੁਰੂਆਂ ਨਾਲੋਂ ਵੱਧ ਗਿਆਨ ਰੱਖਦਾ ਹਾਂ, ਕਿਉਂ ਜੋ ਤੇਰੀਆਂ ਸਾਖੀਆਂ ਵਿੱਚ ਮੈਂ ਲੀਨ ਰਹਿੰਦਾ ਹਾਂ।ਬਜ਼ੁਰਗਾਂ ਨਾਲੋਂ ਮੈਂ ਬਹੁਤ ਜਾਚਦਾ ਹਾਂ, ਕਿਉਂ ਜੋ ਤੇਰੇ ਫ਼ਰਮਾਨਾਂ ਨੂੰ ਮੈਂ ਸਾਂਭਿਆ। (ਜ਼ਬੂਰ 119:97-100)

## ਕਾਢਾਂ

ਬਾਈਬਲ ਦੀਆਂ ਸਿੱਖਿਆਵਾਂ ਦਾ ਪਾਲਣ ਕਰਨ ਵਾਲੇ ਲੋਕਾਂ ਨੇ ਅਣਗਿਣਤ ਕਾਢਾਂ ਦੀ ਕਾਢ ਕੱਢੀ ਜਿਨ੍ਹਾਂ ਨੇ ਧਰਤੀ ਉੱਤੇ ਸਾਡੇ ਜੀਵਨ ਨੂੰ ਅਰਾਮਦਾਇਕ ਬਣਾਇਆ, ਬਿਮਾਰਾਂ ਨੂੰ ਚੰਗਾ ਕੀਤਾ, ਭੁੱਖ/ਗਰੀਬੀ ਦੂਰ ਕੀਤੀ, ਜੀਵਨ ਕਾਲ ਵਿੱਚ ਵਾਧਾ ਕੀਤਾ, ਸੁਰੱਖਿਆ ਦੀ ਸ਼ੁਰੂਆਤ ਕੀਤੀ, ਸਿੱਖਿਆ ਪ੍ਰਣਾਲੀ ਵਿੱਚ ਸੁਧਾਰ ਕੀਤਾ, ਸੰਚਾਰ ਨੂੰ ਆਸਾਨ ਬਣਾਇਆ, ਯਾਤਰਾ ਤੇਜ਼ ਕੀਤੀ, ਗਿਆਨ ਵਿੱਚ ਵਾਧਾ ਕੀਤਾ ਆਦਿ। ਤੁਹਾਡੀ ਜਾਣਕਾਰੀ ਲਈ ਕੁਝ ਮੁੱਖ ਅਜਿਹੀਆਂ ਕਾਢਾਂ ਦੀ ਸੂਚੀ ਹੇਠਾਂ ਦਿੱਤੀ ਗਈ ਹੈ:



| Sr. | Inventions | Inventor | Year | Country |
|---|---|---|---|---|
| 1 | Electric Iron | H.W. Seeley | 1882 | U.S.A |
| 2 | Electric Motor | Moritz Jacobi | 1834 | Russia |
| 3 | Evolution, theory of | Charles Darwin | 1858 | England |
| 4 | Film sound | Dr. Le de Forest | 1923 | U.S.A |
| 5 | Glider | Sir George Calyey | 1853 | England |
| 6 | Insulin | Sir Frederick Banting | 1923 | Canada |
| 7 | Safety Match | J.E. Lundstrom | 1855 | Sweden |
| 8 | Motor car, Petrol | Karl Benz | 1885 | Germany |
| 9 | Radium | Marie & Pierre Curie | 1898 | France |
| 10 | Rubber (vulcanized) | Charles Goodyear | 1841 | U.S.A |

**https://data-flair.training/blogs/important-inventions-and-discoveries/**

ਉੱਪਰ ਦਿੱਤੀਆਂ ਗਈਆਂ ਜ਼ਿਆਦਾਤਰ ਕਾਢਾਂ ਇਸਰਾਏਲੀਆਂ (ਯਹੂਦੀਆਂ) ਦੁਆਰਾ ਕੱਢੀਆਂ ਗਈਆਂ ਹਨ ਕਿਉਂਕਿ ਉਹ ਚੁਣੇ ਹੋਏ ਲੋਕ ਹਨ ਜਿਨ੍ਹਾਂ ਦੀ ਵੰਸ਼ਾਵਲੀ ਦੁਆਰਾ ਜਗਤ ਦਾ ਮੁਕਤੀਦਾਤਾ ਯਿਸੂ ਮਸੀਹ ਆਇਆ ਸੀ। ਉਹ ਬਾਈਬਲ ਨੂੰ ਪਰਮੇਸ਼ੁਰ ਦਾ ਬਚਨ ਮੰਨਦੇ ਹਨ। ਪਰਮੇਸ਼ੁਰ ਨੇ ਉਨ੍ਹਾਂ ਨੂੰ ਅਸਾਧਾਰਨ ਗਿਆਨ ਦਿੱਤਾ ਹੈ। ਉਦਾਹਰਣ ਲਈ, 1901 ਤੋਂ ਨੋਬਲ ਪੁਰਸਕਾਰ ਸ਼ੁਰੂ ਹੋਣ ਤੋਂ ਲੈ ਕੇ ਅੱਜ ਤੱਕ, ਭਾਵੇਂ ਕਿ ਯਹੂਦੀ ਸ਼ਾਇਦ ਹੀ ਵਿਸ਼ਵ ਦੀ ਆਬਾਦੀ ਦਾ 0.19% ਪ੍ਰਤੀਨਿਧ ਕਰਦੇ ਹਨ, ਉਨ੍ਹਾਂ ਨੇ ਕੁੱਲ 210 ਨੋਬਲ ਪੁਰਸਕਾਰ ਜਿੱਤੇ ਹਨ।

ਜੇ ਤੁਹਾਡੇ ਵਿੱਚੋਂ ਕਿਸੇ ਨੂੰ ਬੁੱਧ ਦਾ ਘਾਟਾ ਹੋਵੇ ਤਾਂ ਉਹ ਪਰਮੇਸ਼ੁਰ ਕੋਲੋਂ ਮੰਗੇ ਜਿਹੜਾ ਸਭਨਾਂ ਨੂੰ ਖੁਲ੍ਹੇ ਦਿਲ ਨਾਲ ਬਿਨਾ ਉਲਾਂਭੇ ਦੇ ਦਿੰਦਾ ਹੈ, ਤਾਂ ਉਹ ਨੂੰ ਦਿੱਤੀ ਜਾਵੇਗੀ। ਪਰ ਨਿਹਚਾ ਨਾਲ ਮੰਗੇ ਅਤੇ ਕੁਝ ਭਰਮ ਨਾ ਕਰੇ ਕਿਉਂ ਜੋ ਭਰਮ ਕਰਨ ਵਾਲਾ ਸਮੁੰਦਰ ਦੀ ਛੱਲ ਵਰਗਾ ਹੈ ਜਿਹੜੀ ਪੌਣ ਨਾਲ ਟਕਰਾਈ ਅਤੇ ਉਡਾਈ ਜਾਂਦੀ ਹੈ। ਇਹੋ ਜਿਹਾ ਮਨੁੱਖ ਨਾ ਸਮਝੇ ਭਈ ਪ੍ਰਭੁ ਕੋਲੋਂ ਮੈਨੂੰ ਕੁਝ ਲੱਭੇਗਾ। ਉਹ ਦੁਚਿੱਤਾ ਮਨੁੱਖ ਹੈ ਜਿਹੜਾ ਆਪਣਿਆਂ ਸਾਰਿਆਂ ਚਲਣਾਂ ਵਿੱਚ ਚੰਚਲ ਹੈ।

**ਆਓ ਅਸੀਂ ਪ੍ਰਾਰਥਨਾ ਕਰੀਏ ਕਿ ਦਿਆਲੂ ਪਰਮੇਸ਼ੁਰ ਸਾਨੂੰ ਆਪਣੀ ਬੁੱਧ ਨਾਲ ਭਰ ਦੇਵੇ ਅਤੇ ਸਾਨੂੰ ਮੁਕਤੀ ਪ੍ਰਦਾਨ ਕਰੇ।**